

ਖਾਲਸਾ ਸਕੂਲ ਬੇਗੋਵਾਲ ਵਿੱਚ ਕਰਵਾਇਆ ਸੱਭਿਆਚਾਰਕ ਮੇਲਾ

"ਬਲਵੀਰ ਭੱਲੀ ਦੇ ਗੀਤਾਂ ਦੀ ਚੰਗੇਰ

ਚਾਚਾ ਰੌਣਕੀ ਰਾਮ ਲਾਊ ਹਾਸਿਆਂ ਦੇ ਢੇਰ' '

ਇੱਕ ਮਿਸਾਲ ਹੋ ਨਿਬੜਿਆ। ਬਿਜਲੀ ਬੋਰਡ ਦੇ ਸਟੇਟ ਪੱਧਰ ਦੇ ਹਰ ਪ੍ਰੋਗਰਾਮ ਵਿੱਚ ਭੱਲੀ ਦੀ ਚੜ੍ਹਤ ਬਰਕਰਾਰ ਰਹੀ। ਸਿੱਟੇ ਵਜੋਂ ਚੰਡੀਗੜ੍ਹ ਵਿਖੇ ਹੋਏ ਅੰਤਰ-ਰਾਜੀ ਬਿਜਲੀ ਬੋਰਡ ਦੇ ਮੁਕਾਬਲਿਆਂ ਵਿੱਚ ਭੱਲੀ ਨੇ "ਚੰਡੀਗੜ੍ਹ ਸ਼ਹਿਰ ਦੀਆਂ ਕੁੜੀਆਂ" ਗੀਤ ਗਾ ਕੇ ਪਹਿਲਾ ਦਰਜਾ ਹਾਸਲ ਕੀਤਾ।

ਸੰਨ 1990 ਵਿੱਚ ਨਾਮਵਰ ਕੰਪਨੀ ਟੀ-ਸੀਰੀਜ਼ ਨੇ ਭੱਲੀ ਦੀ ਪਹਿਲੀ ਕੈਸੇਟ 'ਕੱਚੀਏ ਜ਼ੁਬਾਨ ਦੀਏ' ਅੰਤਰ ਰਾਸ਼ਟਰੀ ਪੱਧਰ ਤੇ ਰਿਲੀਜ਼ ਕੀਤੀ। ਇੱਕ ਹੋਰ ਅਹਿਮ ਬੱਬਰ ਕੈਸੇਟ ਕੰਪਨੀ ਨੇ ਭੱਲੀ ਦੀ ਦੂਜੀ ਕੈਸੇਟ 'ਦਿਲ ਦੀਆਂ ਗੱਲਾਂ' ਰਿਲੀਜ਼ ਕੀਤੀ, ਜਿਸ ਵਿੱਚ ਸਾਰੇ ਗੀਤ ਭੱਲੀ ਦੇ ਰਚੇ ਹੋਏ ਸਨ। ਦੂਰਦਰਸ਼ਨ ਕੇਂਦਰ ਜਲੰਧਰ ਤੋਂ 'ਸੁੱਖ ਵਤਨਾਂ ਦੀ', 'ਚੰਡੀਗੜ੍ਹ ਸ਼ਹਿਰ ਦੀਆਂ ਕੁੜੀਆਂ', 'ਨਿੱਕੀ ਨਿੱਕੀ ਲੱਗੀ ਏ ਸਾਵਣ ਦੀ ਭੂਰ', ਰਤਨ ਟਾਹਲਵੀ ਰਚਿਤ ਗੀਤ 'ਪੈਸੇ ਦੀ ਹੈ ਗੱਲ' ਅਤੇ ਕਈ ਹੋਰ ਗੀਤਾਂ ਦੀ ਛਹਿਬਰ ਲਾਈ। ਦੋ ਸਾਲ ਪਹਿਲਾਂ ਟੀ ਸੀਰੀਜ਼ ਕੰਪਨੀ ਨੇ ਇਸ ਬਾਕਮਾਲ ਕਲਾਕਾਰ ਦੁਆਰਾ ਰਚਿਆ ਅਤੇ ਗਾਇਆ ਭਜਨ "ਮਾਤਾ ਦੇ ਦਰ ਤੇ ਨੇ ਮਿਲਦੇ ਸੁੱਖ ਹਜ਼ਾਰਾਂ" ਸਿੰਗਲ ਟਰੈਕ ਰਿਲੀਜ਼ ਕੀਤਾ ਜਿਸ ਦਾ ਸੰਗੀਤ ਉਘੇ ਸੰਗੀਤਕਾਰ ਜੈ ਦੇਵ ਨੇ ਦਿੱਤਾ। ਬਿਜਲੀ ਬੋਰਡ ਵਿੱਚ ਜੇ.ਈ. ਦੇ ਅਹੁਦੇ ਤੋਂ ਰਿਟਾਇਰਮੈਂਟ ਲੈਣ ਉਪਰੰਤ ਇਹ ਮਾਨਮੱਤਾ ਕਲਾਕਾਰ ਪੰਜਾਬੀ ਗਾਇਕੀ ਅਤੇ ਗੀਤਕਾਰੀ ਨੂੰ ਹੋਰ ਵੀ ਪ੍ਰਫੁੱਲਤ ਕਰਨਾ ਚਾਹੁੰਦਾ ਹੈ। ਆਪਣੇ ਲਿਖੇ ਗੀਤਾਂ ਨੂੰ ਕਿਤਾਬੀ ਰੂਪ ਦੇ ਰਿਹਾ ਹੈ। ਇਲਾਕੇ ਦੇ ਲੋਕਾਂ ਦਾ ਮਣਾਂ ਮੂੰਹੀ ਪਿਆਰ ਅਤੇ ਸਤਿਕਾਰ ਖੱਟਿਆ ਹੈ, ਕਿਉਂਕਿ ਬਲਵੀਰ ਭੱਲੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਹਰ ਪਲ ਸਮਰਪਿਤ ਹੈ।

**- ਅਦਾਰਾ ਰੂਹ ਪੰਜਾਬੀ**

satwinderbegowalia.me

ਪੰਜਾਬ ਕਲਾ ਮੰਚ ਦਾ ਤ੍ਰੈ-ਮਾਸਿਕ

# ਰੂਹ ਪੰਜਾਬੀ

ਸਹਿਯੋਗ 30/-

ਅਪ੍ਰੈਲ-ਜੂਨ 2023 **28**





ਪ੍ਰੋ. ਸਤਵਿੰਦਰ ਬੇਗੋਵਾਲੀਆ ਦੁਆਰਾ ਰਚਿਤ ਨਾਟਕ **'ਨਾਟਕ ਹੀ ਨਾਟਕ'** ਦਾ ਇਕ ਨਾਟਕੀ ਦ੍ਰਿਸ਼

# ਬਲਵੀਰ ਭੱਲੀ-ਬਹੁਪੱਖੀ ਸ਼ਖਸੀਅਤ



ਬਲਵੀਰ ਸਿੰਘ ਭੱਲੀ

ਜੇ ਕੋਈ ਬੰਦਾ ਹਰਮਨ ਪਿਆਰਾ ਗਾਇਕ ਹੋਵੇ, ਸਫ਼ਲ ਗੀਤਕਾਰ ਵੀ ਹੋਵੇ ਅਤੇ ਇਸ ਤੋਂ ਇਲਾਵਾ ਨਾਮਵਰ ਖਿਡਾਰੀ ਵੀ ਮੰਨਿਆ ਜਾਵੇ ਤਾਂ ਇਸ ਨੂੰ ਕੁਦਰਤ ਦਾ ਕ੍ਰਿਸ਼ਮਾ ਹੀ ਕਿਹਾ ਜਾਵੇਗਾ। ਜਿਸ ਹਰਫਨਮੌਲਾ ਹਸਤੀ ਨਾਲ ਮੁਲਾਕਾਤ ਕਰਵਾਈ ਜਾ ਰਹੀ ਹੈ- ਉਹ ਹੈ ਪਿੰਡ ਬੇਗੋਵਾਲ (ਕਪੂਰਥਲਾ) ਦਾ ਜੰਮਪਲ-ਬਲਵੀਰ ਸਿੰਘ ਭੱਲੀ, ਜਿਸ ਨੇ ਉਪਰੋਕਤ ਤਿੰਨੇ ਪਿੜਾਂ ਵਿੱਚ ਰਾਸ਼ਟਰੀ ਪੱਧਰ ਤੱਕ ਖੂਬ ਮੱਲਾਂ ਮਾਰੀਆਂ ਹਨ।

ਸਕੂਲ ਦੀ ਪ੍ਰਾਇਮਰੀ ਕਲਾਸ ਤੋਂ ਹੀ ਭੱਲੀ ਦੀ ਸੁਰੀਲੀ ਆਵਾਜ਼ ਦਾ ਜਾਦੂ ਸਰੋਤਿਆਂ ਦੇ ਮਨਾਂ ਨੂੰ ਟੁੰਬਣ ਲੱਗ ਪਿਆ। ਖਾਲਸਾ ਕਾਲਜ ਬੇਗੋਵਾਲ (ਕਪੂਰਥਲਾ) ਤੋਂ ਬੀ.ਏ. ਦੀ ਪੜ੍ਹਾਈ ਦੌਰਾਨ ਜਿੱਥੇ ਉਸ ਨੇ ਚੰਗੇ ਗਾਇਕ ਅਤੇ ਕਵੀ ਵਜੋਂ ਅਲੱਗ ਪਹਿਚਾਣ ਬਣਾਈ, ਉਥੇ ਖੇਡ ਦੇ ਮੈਦਾਨ ਵਿੱਚ ਬੈਸਟ ਅਥਲੀਟ ਬਣਿਆ। ਅੰਤਰ ਕਾਲਜ ਕਾਵਿ ਪ੍ਰਤੀਯੋਗਤਾਵਾਂ ਵਿੱਚ ਕਈ ਵਾਰ ਪਹਿਲੇ ਅਤੇ ਦੂਜੇ ਦਰਜੇ ਦੇ ਇਨਾਮ ਜਿੱਤੇ। ਡੀ.ਏ.ਵੀ. ਕਾਲਜ ਜਲੰਧਰ ਵਿੱਚ ਐਮ.ਏ. ਦੀ ਪੜ੍ਹਾਈ ਦੌਰਾਨ ਕਾਲਜ ਦਾ ਸਰਵੋਤਮ ਗਾਇਕ ਅਤੇ ਗੀਤਕਾਰ ਰਿਹਾ ਅਤੇ ਬੈਸਟ ਅਥਲੀਟ ਦਾ ਖਿਤਾਬ ਜਿੱਤਿਆ। ਉਸ ਸਮੇਂ ਇਸ ਕਾਲਜ ਵਿਚ ਦਾਖਲਾ ਲੈਣਾ ਬੜਾ ਮੁਸ਼ਕਲ ਸੀ, ਪਰ ਭੱਲੀ ਦੀਆਂ ਯੋਗਤਾਵਾਂ ਪਰਖਣ ਉਪਰੰਤ ਕਾਲਜ ਦੇ ਪ੍ਰਿੰਸੀਪਲ ਨੇ ਐਮ.ਏ. ਦੇ ਦੋਵੇਂ ਸਾਲ ਸਾਰਾ ਖਰਚਾ ਮਾਫ਼ ਕਰਕੇ ਕਾਲਜ ਵਿੱਚ ਦਾਖਲ ਕੀਤਾ। ਸਖ਼ਤ ਮਿਹਨਤ ਦੀ ਬਦੌਲਤ ਕਾਲਜ ਦੀ ਅਥਲੈਟਿਕ ਟੀਮ ਦੀ ਕਪਤਾਨੀ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਕਾਲਜ ਦੀ ਟੀਮ ਨੂੰ ਰਨਰ ਅਪ ਟਰਾਫ਼ੀ ਜਿਤਾ ਕੇ ਕਾਲਜ ਦਾ ਨਾਂ ਚਮਕਾਇਆ। ਕਾਲਜ ਦੀ ਸਲਾਨਾ ਅਥਲੈਟਿਕ ਮੀਟ 'ਤੇ ਪੁੱਜੇ ਮੁੱਖ ਮਹਿਮਾਨ ਫਲਾਇੰਗ ਸਿੱਖ ਮਿਲਖਾ ਸਿੰਘ ਨੇ ਭੱਲੀ ਦੀ ਦੌੜਾਂ ਦੌਰਾਨ ਕਾਰਗੁਜ਼ਾਰੀ ਵੇਖ ਕੇ ਉਸ ਨੂੰ ਕਈ ਮਹਿਕਮਿਆਂ ਵਿੱਚ ਨੌਕਰੀ ਦੀ ਪੇਸ਼ਕਸ਼ ਕੀਤੀ। ਗਾਇਕੀ ਅਤੇ ਗੀਤਕਾਰੀ ਦੇ ਸ਼ੌਂਕ ਨੂੰ ਮੁੱਖ ਰੱਖਦੇ ਹੋਏ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਨੌਕਰੀ ਕਰ ਲਈ। ਸੰਨ 1988 ਵਿੱਚ ਕਾਲਜਾਂ ਦੇ ਵਿਦਿਆਰਥੀਆਂ ਅਤੇ ਬਿਜਲੀ ਬੋਰਡ ਦੇ ਕਲਾਕਾਰਾਂ ਨੇ ਪਟਿਆਲਾ ਸ਼ਹਿਰ ਵਿੱਚ "ਭੱਲੀ ਦੇ ਗੀਤਾਂ ਦੀ ਨਾਈਟ" ਕਰਵਾਈ ਜਿਸ ਨੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ। ਫਿਲਮ 'ਲੌਂਗ ਦਾ ਲਿਸ਼ਕਾਰਾ' ਦੇ ਨਿਰਮਾਤਾ ਹਰਪਾਲ ਟਿਵਾਣਾ, ਭੱਲੀ ਦੀ ਜਾਦੂਮਈ ਅਵਾਜ਼ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇਹਨਾਂ ਨੂੰ ਆਪਣੀ ਫ਼ਿਲਮ 'ਮੜ੍ਹੀ ਦਾ ਦੀਵਾ' ਵਿੱਚ ਕੰਮ ਕਰਨ ਦੀ ਪੇਸ਼ਕਸ਼ ਕਰ ਦਿੱਤੀ। ਪਰ ਇਕ ਭਿਆਨਕ ਸੜਕ ਐਕਸੀਡੈਂਟ ਹੋਣ ਕਾਰਨ ਇਹ ਸੁਨਹਿਰੀ ਮੌਕਾ ਹੱਥੋਂ ਨਿਕਲ ਗਿਆ।



ਪ੍ਰੋ. ਸਤਵਿੰਦਰ ਬੇਗੋਵਾਲੀਆ
ਮੁੱਖ ਸੰਪਾਦਕ
98154-65620

## ਸਰਪ੍ਰਸਤ



ਸੁਖਮਿੰਦਰ ਸੇਖੋਂ
98145-07693




ਡਾ. ਕਰਮਜੀਤ ਸਿੰਘ ਨਡਾਲਾ
98151-86532

## ਕੋਆਰਡੀਨੇਟਰ



ਦਲਜੀਤ ਸਿੰਘ ਰਤਨ
98149-44411




ਨਿਸ਼ਾਨ ਸਿੰਘ USA
85449-25105

## ਪ੍ਰਬੰਧਕੀ ਕਮੇਟੀ



ਮਾਸਟਰ ਨਿਸ਼ਾਨ ਸਿੰਘ



ਨਵਜੋਤ ਸਿੰਘ USA

## ਇਸ ਅੰਕ ਦੇ ਲੇਖਕ

### ਸੰਪਾਦਕੀ
ਪ੍ਰੋ. ਸਤਵਿੰਦਰ ਬੇਗੋਵਾਲੀਆ

### ਨਾਟਕ
ਪ੍ਰੋ. ਸਤਵਿੰਦਰ ਬੇਗੋਵਾਲੀਆ

### ਕਹਾਣੀਆਂ
ਪ੍ਰਤਾਪ ਪਾਰਸ ਗੁਰਦਾਸਪੁਰੀ, ਭੁਪਿੰਦਰ ਉਸਤਾਦ

### ਲੇਖ
ਪ੍ਰੋ. ਹਮਦਰਦਵੀਰ ਨੌਸ਼ਹਿਰਵੀ

### ਕਾਵਿ ਸੰਸਾਰ
ਪ੍ਰੋ. ਕੁਲਵੰਤ ਔਜਲਾ, ਪ੍ਰੋ. ਜਸਵੰਤ ਕੈਲਵੀ,
ਪ੍ਰਤਾਪ ਪਾਰਸ ਗੁਰਦਾਸਪੁਰੀ,
ਸੁਖਦੇਵ ਸਿੰਘ ਸਿੱਧੂ, ਮਲਕੀਤ ਦਰਦੀ,
ਸੁਖਮਿੰਦਰ ਸੇਖੋਂ, ਹਰਭਜਨ ਸਿੰਘ ਖੇਮਕਰਨੀ,
ਰਜਿੰਦਰ ਵਰਮਾ, ਸਰਬ ਸਿਦਕ,

### ਗ਼ਜ਼ਲ ਸੱਥ
ਪ੍ਰੋ. ਗੁਰਭਜਨ ਗਿੱਲ, ਸੁਰਜੀਤ ਦੇਵਲ,
ਸਰਦਾਰ ਪੰਛੀ, ਭੁਪਿੰਦਰ ਸੰਧੂ,

### ਗੀਤਾਂ ਦੀ ਗੂੰਜ
ਪ੍ਰੋ. ਸਤਵਿੰਦਰ ਬੇਗੋਵਾਲੀਆ, ਬਲਵੀਰ ਭੱਲੀ,
ਸਰਬ ਸਿਦਕ, ਰਜਿੰਦਰ ਵਰਮਾ (ਬਾਲ ਗੀਤ)
ਹਜ਼ਲ - ਸਰਦਾਰ ਪੰਛੀ,

### ਸਮੀਖਿਆ
ਡਾ. ਨਿਰਮਲ ਜੌੜਾ

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਸੰਪਾਦਕੀ ਮੰਡਲ ਦੇ ਸਾਰੇ ਵਿਅਕਤੀ ਆਨਰੇਰੀ ਤੌਰ 'ਤੇ ਕੰਮ ਕਰਦੇ ਹਨ।
ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।


**ਰਚਨਾਵਾਂ ਭੇਜਣ ਲਈ ਪਤਾ**
Email : satwinderbegowal@gmail.com
daljit44411@yahoo.co.in
ਲੇਖਕ ਆਪਣੀਆਂ ਰਚਨਾਵਾਂ 98154-65620 ਤੇ ਵਟਸਐਪ ਕਰਨ ਦੀ ਖੇਚਲ ਕਰਨ
ਡਾਕ ਰਾਹੀਂ ਭੇਜਣ ਦੇ ਚਾਹਵਾਨ ਆਪਣੀਆਂ ਰਚਨਾਵਾਂ ਟਾਈਪ ਕਰਕੇ ਰਜਿਸਟਰਡ ਪਾਰਸਲ ਰਾਹੀਂ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹਨ।
ਸਤਵਿੰਦਰ ਬੇਗੋਵਾਲੀਆ, ਟਾਂਡਾ ਰੋਡ, ਵਾਰਡ ਨੰ. 2 ਬੇਗੋਵਾਲ (ਕਪੂਰਥਲਾ) 144621

*ਸੰਪਾਦਕੀ*

# ਬੁੱਕ ਬਨਾਮ ਫੇਸ ਬੁੱਕ

ਅਜੋਕੇ ਤੇਜ਼ ਰਫ਼ਤਾਰ ਯੁੱਗ ਵਿੱਚ ਸੋਸ਼ਲ ਮੀਡੀਆ ਲਗਾਤਾਰ ਆਪਣਾ ਦਾਇਰਾ ਵਿਸ਼ਾਲ ਕਰ ਰਿਹਾ ਹੈ। ਸੂਚਨਾ ਤਕਨੀਕ ਨੂੰ ਚੁਸਤ ਦਰੁਸਤ ਕਰਨ ਦਾ ਸਿਹਰਾ ਨਿਰਸੰਦੇਹ ਸੋਸ਼ਲ ਮੀਡੀਆ ਨੂੰ ਹੀ ਜਾਂਦਾ ਹੈ। ਗੂਗਲ, ਟਵਿੱਟਰ, ਫੇਸਬੁੱਕ ਆਦਿ ਨਾਲ ਵਿਸ਼ਵ ਦੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਾਂਝ ਸਥਾਪਤ ਕਰ ਲਈ ਹੈ। ਕਿਉਂ ਕਿ ਇਕੱਲਾ ਵਿਅਕਤੀ ਹੀ ਕਿਸੇ ਸੰਸਥਾ ਦੀ ਮਦਦ ਲਏ ਬਿਨਾਂ ਆਪਣੀ ਗੱਲ ਸੋਸ਼ਲ ਮੀਡੀਆ ਜ਼ਰੀਏ ਕਹਿ ਸਕਦਾ ਹੈ। ਦੂਸਰੇ ਪਾਸੇ ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਮੀਡੀਆ ਅਤੇ ਪੁਸਤਕਾਂ ਦਾ ਵੀ ਆਪੋ ਆਪਣਾ ਦਰਸ਼ਕ/ ਪਾਠਕ ਹੈ, ਜੋ ਗਿਣਤੀ ਪੱਖੋਂ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਦੀ ਡੋਰ ਕੁੱਝ ਸੰਸਥਾਵਾਂ ਦੇ ਹੱਥਾਂ ਵਿੱਚ ਰਹੀ ਹੈ ਅਤੇ ਇਹ ਸਥਿਤੀ ਅੱਜ ਵੀ ਬਰਕਰਾਰ ਹੈ। ਸਿਰਫ਼ ਪੁਸਤਕ ਸਭਿਆਚਾਰ ਹੀ ਹੈ ਜੋ ਆਪਣੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਦ੍ਰਿੜਤਾ ਸਹਿਤ ਸੰਘਰਸ਼ ਕਰਦਾ ਨਜ਼ਰ ਆ ਰਿਹਾ ਹੈ। ਇੱਥੇ ਬੁੱਕ ਅਤੇ ਫੇਸ ਬੁੱਕ ਸਬੰਧੀ ਚਰਚਾ ਕਰਨੀ ਬਣਦੀ ਹੈ।

ਵਿਦਿਅਕ ਅਦਾਰਿਆਂ ਵਿੱਚ ਆਮ ਤੌਰ ਤੇ ਕਿਸੇ ਨਾ ਕਿਸੇ ਥਾਂ ਤੇ ਪੰਜਾਬੀ/ਅੰਗਰੇਜ਼ੀ ਵਿੱਚ ਪੜ੍ਹਨ ਨੂੰ ਮਿਲ ਜਾਂਦਾ ਹੈ : Books are the store house of knowledge ਭਾਵ ਪੁਸਤਕਾਂ ਗਿਆਨ ਦਾ ਭੰਡਾਰ ਹਨ। ਲਾਇਬ੍ਰੇਰੀਆਂ ਦੇ ਬਾਹਰਵਾਰ, Lucking of Library, Lucking of Knowledge ਲਾਇਬ੍ਰੇਰੀ ਨੂੰ ਤਾਲਾ, ਗਿਆਨ ਨੂੰ ਤਾਲਾ ਆਦਿ ਲਿਖਿਆ ਹੁੰਦਾ ਹੈ। ਇਹ ਠੀਕ ਹੈ ਕਿ ਪ੍ਰੋੜ ਅਤੇ ਨਵੇਂ ਲੇਖਕਾਂ ਦੀਆਂ ਪੁਸਤਕਾਂ ਦੇ ਮਿਆਰ ਵਿੱਚ ਫ਼ਰਕ ਹੋ ਸਕਦਾ ਹੈ ਪਰ ਲੋਕ ਪੱਖੀ ਪਹੁੰਚ ਪੁਸਤਕ ਦਾ ਅਧਾਰ ਹੈ। ਵਿਭਿੰਨ ਖੇਤਰਾਂ ਨਾਲ ਸਬੰਧਤ





ਪੁਸਤਕਾਂ ਸੁਭਾਅ ਪੱਖੋਂ ਅਲੱਗ ਹੋ ਸਕਦੀਆਂ ਹਨ ਪਰ ਪਾਠਕ ਨੂੰ ਉਪਯੋਗੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਵਿਅਕਤੀ ਨੂੰ ਸੁਹਿਰਦ ਇਨਸਾਨ ਬਣਾਉਣਾ ਪੁਸਤਕਾਂ ਦਾ ਉਦੇਸ਼ ਹੈ।

Books are the sincere friends and they never deceive ਪੁਸਤਕਾਂ ਸੁਹਿਰਦ ਮਿੱਤਰ ਹੁੰਦੀਆਂ ਹਨ ਜੋ ਕਦੇ ਧੋਖਾ ਨਹੀਂ ਦਿੰਦੀਆਂ। ਜਦ ਕੋਈ ਵਿਅਕਤੀ ਇਕੱਲਾ ਸਫ਼ਰ ਕਰ ਰਿਹਾ ਹੋਵੇ ਜਾਂ ਇਕਾਂਤ ਹੰਢਾ ਰਿਹਾ ਹੋਵੇ ਤਾਂ ਪੁਸਤਕ ਉਸ ਦਾ ਸੱਚਾ ਸਾਥੀ ਸਾਬਤ ਹੁੰਦੀ ਹੈ, ਇੰਜ ਪੁਸਤਕ ਅਤੇ ਪਾਠਕ ਇਕ ਦੂਜੇ ਨਾਲ ਗੱਲਾਂ ਕਰਦੇ ਹਨ।

ਅਜੋਕੇ ਯੁੱਗ ਵਿੱਚ ਵੱਡੀ ਗਿਣਤੀ ਵਿੱਚ ਲੋਕ ਫੇਸ ਬੁੱਕ ਦੀ ਵਰਤੋਂ ਕਰ ਰਹੇ ਹਨ। ਕਿੰਨੀਆਂ ਹੀ ਵੰਨਗੀਆਂ ਦੇ ਲੋਕ ਮਿਲ ਜਾਂਦੇ ਹਨ ਜੋ ਨਿੱਜੀ, ਸਮਾਜਿਕ, ਧਾਰਮਿਕ ਅਤੇ ਰਾਜਸੀ ਪੋਸਟਾਂ ਪਾਉਂਦੇ ਹਨ। ਟਿੱਪਣੀਆਂ ਕਰਨ ਵਾਲਿਆਂ ਦਾ ਵੀ ਹੜ੍ਹ ਆ ਜਾਂਦਾ ਹੈ। ਨੌਜਵਾਨ ਮੁੰਡੇ ਕੁੜੀਆਂ ਬਿਨਾਂ ਕੋਈ ਪ੍ਰਾਪਤੀ ਦੇ ਆਪਣੀਆਂ ਤਸਵੀਰਾਂ ਪਾ ਕੇ ਵੱਡਾ ਮਾਅਰਕਾ ਮਾਰਦੇ ਹੋਏ ਵਿਖਾਈ ਦਿੰਦੇ ਹਨ। ਜਨਮ ਦਿਨ ਅਤੇ ਵਿਆਹ ਦੀਆਂ ਤਸਵੀਰਾਂ ਤੱਕ ਹੀ ਇਹਨਾਂ ਲੋਕਾਂ ਦੀ ਦੁਨੀਆ ਸੀਮਤ ਰਹਿੰਦੀ ਹੈ। ਸਾਹਿਤਕ ਪੋਸਟ ਵਿਰਲੀ ਟਾਵੀਂ ਹੀ ਨਜ਼ਰ ਆਵੇਗੀ, ਕਿਉਂ ਕਿ ਉਂਗਲਾਂ 'ਤੇ ਗਿਣੇ ਜਾਣ ਵਾਲੇ ਲੋਕ ਇਸ ਭਾਂਤ ਦੀ ਪੋਸਟ ਬਾਰੇ ਕੋਈ ਟਿੱਪਣੀ ਕਰ ਸਕਦੇ ਹਨ। ਸਭ ਤੋਂ ਖ਼ਤਰਨਾਕ ਰਾਜਸੀ ਅਤੇ ਕੱਟੜ ਵਿਚਾਰਧਾਰਾ ਵਾਲੀਆਂ ਪੋਸਟਾਂ ਹਨ, ਇਹਨਾਂ ਪੋਸਟਾਂ ਨਾਲ ਵੱਡੀ ਗਿਣਤੀ ਵਿੱਚ ਅੱਧ ਪੜ੍ਹੇ ਲੋਕ ਜੁੜੇ ਹੋਏ ਹੁੰਦੇ ਹਨ। ਸਿਖਿਅਤ ਅਤੇ ਪ੍ਰਪੱਕ ਸੋਚ ਵਾਲੇ ਲੋਕ ਅਜਿਹੀਆਂ ਪੋਸਟਾਂ ਤੋਂ ਕਿਨਾਰਾ ਹੀ ਕਰਦੇ ਹਨ ਕਿਉਂ ਕਿ ਆਪਣੀ ਸੰਤਾਨ ਅਤੇ ਪੋਤੇ ਪੋਤਰੀਆਂ ਆਦਿ ਨਾਲ ਪਰਿਵਾਰ ਵਿੱਚ ਰਹਿੰਦੇ ਹੋਏ ਲੋਕ ਪੱਖੀ ਕਮੈਂਟ ਕਰ ਵੀ ਦੇਣ ਤਾਂ ਘੱਟ ਪੜ੍ਹੇ ਲਿਖੇ ਬੇਸਮਝ ਲੋਕ ਉਹਨਾਂ ਨੂੰ 'ਸਾਲਿਆ' ਅਤੇ ਹੋਰ ਅਸ਼ਲੀਲ ਸ਼ਬਦਾਂ ਸਮੇਤ ਗਾਹਲਾਂ ਦੀ ਝੜੀ ਲਾ ਦਿੰਦੇ ਹਨ। ਇੰਜ ਫੇਸ ਬੁੱਕ ਦਾ ਮਿਆਰ ਹੇਠਾਂ ਜਾ ਡਿੱਗਦਾ ਹੈ। ਅਨਉਚਿਤ ਸ਼ਬਦਾਵਲੀ ਵਾਲੇ ਲੋਕਾਂ ਦੇ ਅਕਾਊਂਟ ਬੰਦ ਕਰ ਦਿੱਤੇ ਜਾਣ ਤਾਂ ਫੇਸ ਬੁੱਕ ਜ਼ਿੰਮੇਵਾਰ ਮਾਧਿਅਮ ਹੋ ਸਕਦਾ ਹੈ। ਨਿਰਸੰਦੇਹ ਫੇਸ ਬੁੱਕ, ਇਕ ਮਿਆਰੀ ਪੁਸਤਕ ਸਾਹਵੇਂ ਬੌਣੀ ਜਿਹੀ ਹੀ ਹੈ।

**-ਪ੍ਰੋ. ਸਤਵਿਦਰ ਬੇਗੋਵਾਲੀਆ**

◆◆◆

*ਲਘੂ ਨਾਟਕ*

# ਬਾਪੂ ਦਾ ਵਿਹੜਾ

*ਪ੍ਰੋ. ਸਤਵਿੰਦਰ ਬੇਗੋਵਾਲੀਆ*

(ਦੂਸਰੀ ਅਤੇ ਆਖਰੀ ਕਿਸ਼ਤ)



| | |
|---|---|
| **ਅਨੂਪ ਚੰਦ :** | **ਇੱਕ ਕਾਲਜ ਦਾ ਪ੍ਰੋਫੈਸਰ** |
| **ਮੋਨਿਕਾ :** | **ਅਨੂਪ ਚੰਦ ਦੀ ਪਤਨੀ** |
| **ਗੁਰਨਾਮ :** | **ਅਨੂਪ ਚੰਦ ਦਾ ਮਿੱਤਰ** |
| **ਕਰਤਾਰ ਚੰਦ :** | **ਅਨੂਪ ਚੰਦ ਦਾ ਪਿਤਾ** |
| **ਬੱਬੂ :** | **ਅਨੂਪ ਚੰਦ ਦਾ ਪੁੱਤਰ** |
| **ਸ਼ਵੀ :** | **ਬੱਬੂ ਦੀ ਪਤਨੀ** |

ਪਹਿਲੀ ਕਿਸ਼ਤ ਵਿੱਚ ਪੇਸ਼ ਕੀਤਾ ਗਿਆ ਹੈ :-

ਕਿਸੇ ਸ਼ਹਿਰ ਦੇ ਸਰਕਾਰੀ ਕਾਲਜ ਵਿੱਚ ਨੌਕਰੀ ਕਰ ਰਿਹਾ ਪ੍ਰੋ. ਅਨੂਪ ਚੰਦ, ਆਪਣੀ ਪਤਨੀ ਮੋਨਿਕਾ ਨਾਲ ਪਿੰਡ ਵਿਚਲੀ ਕੋਠੀ ਵਿੱਚ ਰਹਿ ਰਿਹਾ ਹੈ। ਉਹਨਾਂ ਦੇ ਘਰ ਪੁੱਤਰ ਬੱਬੂ ਅਤੇ ਪੁੱਤਰੀ ਰੇਖਾ ਨੇ ਜਨਮ ਲਿਆ। ਪ੍ਰੋ. ਅਨੂਪ ਚੰਦ ਨੂੰ ਇਸ ਗੱਲ ਦਾ ਗਿਲਾ ਹੈ ਕਿ ਪਿੰਡ ਦੇ ਲੋਕ ਉਸ ਨੂੰ ਪ੍ਰੋਫੈਸਰ ਕਹਿਣ ਦੀ ਥਾਂ ਮੋਚੀ ਕਰਤਾਰ ਚੰਦ ਦਾ ਪੁੱਤਰ ਕਹਿ ਕੇ ਬੁਲਾਉਂਦੇ ਹਨ। ਅਨੂਪ ਚੰਦ ਦਾ ਦੋਸਤ ਗੁਰਨਾਮ ਆਪਣੀਆਂ ਲਿਖੀਆਂ ਗ਼ਜ਼ਲਾਂ ਵਿੱਚ ਸੋਧ ਕਰਵਾਉਣ ਉਸ ਕੋਲ ਆਉਂਦਾ ਹੈ ਅਤੇ ਨਾਲ ਲਿਆਂਦੀ ਸ਼ਰਾਬ ਦੀ ਬੋਤਲ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਅਨੂਪ ਚੰਦ ਜੋ ਖ਼ੁਦ ਸਾਹਿਤਕਾਰ ਵੀ ਹੈ, ਆਪਣੇ ਦੋਸਤ ਗੁਰਨਾਮ ਨੂੰ ਦੱਸਦਾ ਹੈ ਕਿ ਜਲਦੀ ਹੀ ਉਹ ਸ਼ਹਿਰ ਵੱਸ ਜਾਣਗੇ। ਉਹ ਦਲੀਲ ਦਿੰਦਾ ਹੈ ਕਿ ਸਾਰਾ ਮੀਡੀਆ ਅਤੇ ਸਾਹਿਤਕ ਸਰਗਰਮੀਆਂ ਸ਼ਹਿਰ ਵਿੱਚ ਮੌਜੂਦ ਹਨ। ਮੋਚੀ ਕਰਤਾਰ ਚੰਦ ਨਹੀਂ ਚਾਹੁੰਦਾ ਕਿ ਉਸ ਦਾ ਪੁੱਤਰ ਅਨੂਪ ਚੰਦ ਪਿੰਡ ਛੱਡ ਜਾਵੇ। ਸ਼ਹਿਰ ਨਿਵਾਸ ਕਰਨ ਉਪਰੰਤ ਅਨੂਪ ਚੰਦ ਸਾਹਿਤਕ ਮਹਿਫ਼ਲਾਂ ਦੌਰਾਨ ਸ਼ਾਇਰੀ ਅਤੇ ਸ਼ਰਾਬ ਵਿੱਚ ਡੁੱਬਿਆ ਰਹਿੰਦਾ ਹੈ। ਮੋਨਿਕਾ ਸ਼ਹਿਰ ਆ ਕੇ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦੀ ਹੈ, ਜਦ ਕਿ ਬੱਬੂ ਵਿਗੜੈਲ ਬਣ ਜਾਂਦਾ ਹੈ। ਪਿੰਡੋਂ ਖ਼ਬਰ ਆਉਂਦੀ ਹੈ ਕਿ ਮੋਚੀ ਕਰਤਾਰ ਚੰਦ ਦੀ ਮੌਤ ਹੋ ਗਈ।



## ਦ੍ਰਿਸ਼ ਤੀਜਾ

ਸਥਾਨ : ਅਨੂਪ ਚੰਦ ਦੀ ਸ਼ਹਿਰ ਵਾਲੀ ਕੋਠੀ ਦੇ ਪੱਕੇ ਵਿਹੜੇ ਵਿੱਚ ਤਿੰਨ ਚਾਰ ਕੁਰਸੀਆਂ, ਮੇਜ਼ ਅਤੇ ਇੱਕ ਫੋਲਡਿੰਗ ਬੈੱਡ ਹੈ, ਜਿਸ 'ਤੇ ਬਿਮਾਰ ਮੋਨਿਕਾ ਲੇਟੀ ਹੋਈ ਹੈ।

ਮੋਨਿਕਾ : (ਆਪਣੇ ਆਪ ਨਾਲ ਦੁਖੀ ਆਵਾਜ਼ ਵਿੱਚ) ਆਹ ਚੰਦਰਾ ਜ਼ਮਾਨਾ ਵੀ ਵੇਖਣਾ ਪੈਣਾ ਸੀ। ਆਪਣੀ ਔਲਾਦ ਨੇ ਸੁੱਖ ਕੀ ਦੇਣਾ ਏ....ਡੰਡੇ ਨਾਲ ਫੰਡ ਦਿੱਤੀ ਮੈਨੂੰ। ਇਹਦੇ ਜੰਮਣ 'ਤੇ ਕਿੰਨੀ ਖੁਸ਼ੀ ਮਨਾਈ ਸੀ.... ਚਾਵਾਂ ਨਾਲ ਪਾਲਿਆ ਸੀ ਬੱਬੂ ਨੂੰ.... ਵੇ ਤੇਰੇ ਜਿਹੀ ਗੰਦੀ ਔਲਾਦ ਖੁਣੋਂ ਕੀ ਥੁੜਿਆ ਸੀ.... ਪਤਾ ਨਹੀਂ ਕਿਹੜੇ ਪਾਪ ਕੀਤੇ ਨੇ ਪਿਛਲੇ ਜਨਮ 'ਚ, ਜਿਹਦਾ ਫਲ ਭੁਗਤ ਰਹੀ ਆਂ.... ਡਾਕਟਰਾਂ ਦੀਆਂ ਦਵਾਈਆ ਕੁੱਝ ਨਹੀਂ ਕਰਦੀਆਂ ਪਈਆਂ, ਐਸੀ ਮੰਜੇ 'ਤੇ ਪਈ ਆਂ, ਜਾਨ ਈ ਨਹੀਂ ਰਹੀ ਸਰੀਰ 'ਚ.... ਪਤਾ ਨਹੀਂ ਕਦੋਂ ਆਏਗਾ ਬੱਬੂ ਦਾ ਡੈਡੀ ਜੂਸ ਲੈ ਕੇ, ਤੇਰੀਆਂ ਮੀਟਿੰਗਾਂ ਨਹੀਂ ਮੁੱਕਦੀਆਂ। ਕਦੇ ਇੱਕ ਸ਼ਹਿਰ, ਕਦੇ ਦੂਜੇ। ਲਿਖਾਰੀ ਇਵੇਂ ਈ ਤੁਰਦੇ ਫਿਰਦੇ ਨੇ, ਕੀ ਕੱਢਣਗੇ ਕਲਮਾਂ 'ਚੋਂ ਜੇ ਘਰ ਦੇ ਜੀਅ ਤੜਫਦੇ ਹੋਣ... ਰਿਟਾਇਰਮੈਂਟ ਮਗਰੋਂ ਹੋਰ ਵੀ ਬਿਜ਼ੀ ਹੋ ਗਏ ਤੇ ਇਧਰ ਮੁੰਡੇ ਨੇ ਸਾਡੀ ਨੱਕ 'ਚ ਦਮ ਲਿਆ ਰੱਖਿਐ, ਸਾਡੇ ਦੋਹਾਂ 'ਤੇ ਰੋਅਬ ਪਾ ਕੇ ਸਾਡੀਆਂ ਪੈਨਸ਼ਨਾਂ ਉਡਾਈ ਜਾਂਦੈ ਤੇ ਨੂੰਹ ਅੱਗੇ ਮੇਮਣਾ ਬਣਿਆ ਫਿਰਦੈ.... ਹਾਏ, ਹੁਣ ਤਾਂ ਉਠਣ ਦੀ ਹਿੰਮਤ ਵੀ ਗਈ ਕਿ ਪਾਣੀ ਪੀ ਲਵਾਂ, ਹੈ ਕੋਈ ਇੱਥੇ ਦੋ ਘੁੱਟ ਪਾਣੀ... ਹਾਏ ਪਾਣੀ...
(ਅਨੂਪ ਚੰਦ ਆਉਂਦਾ ਹੈ)

ਅਨੂਪ ਚੰਦ : (ਮੋਨਿਕਾ ਦੀ ਹਾਲਤ ਵੇਖਦਾ ਹੋਇਆ) ਕੀ ਹੋਇਐ ਮੋਨਿਕਾ? ਅੱਥਰੂ ਵਹਿ ਰਹੇ ਨੇ ਤੇਰੇ ਚਿਹਰੇ 'ਤੇ...
(ਗਲਾਸ ਵਿੱਚ ਜੂਸ ਪਾ ਕੇ ਮੋਨਿਕਾ ਨੂੰ ਸਹਾਰਾ ਦੇ ਕੇ ਉਠਾਉਂਦਾ ਹੋਇਆ) ਲੈ ਜੂਸ ਪੀ ਲੈ।
(ਮੋਨਿਕਾ ਹੌਲੀ ਹੌਲੀ ਜੂਸ ਪੀਂਦੀ ਹੈ)
ਅੱਜ ਕੀ ਹੋਇਆ?

ਮੋਨਿਕਾ : ਜੋ ਰੋਜ਼ ਹੁੰਦੈ। ਅੱਜ ਤਾਂ.... ਹਾਏ.... ਡੰਡੇ ਨਾਲ ਖੜਕਾ ਕੇ.... ਹਾਏ....

ਅਨੂਪ ਚੰਦ : ਓ ਨਲੈਕਾ, ਕੱਲ੍ਹ ਨੂੰ ਜਦ ਤੇਰਾ ਮੁੰਡਾ ਤੇਰੇ ਗਲੇ 'ਚ ਅੰਗੂਠਾ ਦੇਵੇਗਾ ਤਾਂ ਫਿਰ ਪਤਾ ਚੱਲੇਗਾ ਮਾਂ ਪਿਓ ਬਿਰਧ ਹਾਲਤ ਵਿੱਚ ਕਿੰਨੀ ਤਰਾਸਦੀ ਹੰਢਾਉਂਦੈ ਨੇ.... ਕੁੱਤੇ ਨੇ ਸ਼ਰਮ ਵੇਚ ਕੇ ਖਾ ਲਈ ਏ, ਬਿਮਾਰ ਮਾਂ ਨੂੰ ਕੁੱਟ ਕੇ ਬਦਮਾਸ਼ ਬਣਿਆ ਫਿਰਦੈ। ਨੂੰਹ ਆਈ ਨੀ ਅਜੇ ਸਰਵਿਸ ਤੋਂ?

ਮੋਨਿਕਾ : ਜਦ ਦਿਲ ਕੀਤਾ ਆ ਵੱਜੇਗੀ। ਉਸ ਨੇ ਜੋ ਕਰਨੈ ਪਤਾ ਈ ਐ। ਬੱਬੂ ਨੂੰ ਭੜਕਾਵੇਗੀ ਤੀਲ੍ਹੀ ਲਾ ਕੇ।

ਅਨੂਪ ਚੰਦ : ਬੱਬੂ ਜੂਠ ਏ ਨੰਬਰ ਇੱਕ ਦਾ। ਘਰ ਵਾਲੀ ਦੇ ਹੱਥਾਂ ’ਚ ਖਿਡੌਣਾ ਬਣਿਐ ਤੇ ਮਾਂ ਪਿਓ ’ਤੇ ਹਕੂਮਤ ਕਰਦੈ।

ਮੋਨਿਕਾ : ਤੁਸੀਂ ਵੀ ਤਾਂ ਉਹਨੂੰ ਪੀਣੋਂ ਨਾ ਰੋਕਿਆ ਜਦ ਉਹ ਅਜੇ ਪੜ੍ਹਦਾ ਸੀ। ਚੰਡ ਕੇ ਰੱਖਦੇ ਤਾਂ ਅੱਜ ਆਹ ਦਿਨ ਨਾ ਵੇਖਣੇ ਪੈਂਦੇ। ਤੁਸੀਂ ਆਪ ਸਾਹਿਤ ਸਭਾਵਾਂ ’ਚ ਰੱਜ ਕੇ ਆਉਂਦੇ ਰਹੇ ਤਾਂ ਔਲਾਦ ਨੇ ਤਾਂ ਵਿਗੜਨਾ ਹੀ ਸੀ।

ਅਨੂਪ ਚੰਦ : ਸਾਡਾ ਬਾਪੂ ਵੀ ਤਾਂ ਰੋਜ਼ ਪੀਂਦਾ ਸੀ, ਉਹਨੇ ਸਾਨੂੰ ਨਾ ਪੀਣ ਲਈ ਕਿਹਾ ਤੇ ਨਾ ਹੀ ਰੋਕਿਆ। ਪਰ ਅਸੀਂ ਸਾਰੇ ਭਰਾ ਕਦੇ ਉਹਦੇ ਹੱਥੀਂ ਤਾਂ ਨਹੀਂ ਪੈ ਗਏ।

ਮੋਨਿਕਾ : ਪਰ ਬਾਪੂ ਦੀ ਦੁਨੀਆਂ ਸਵਰਗ ਸੀ। ਸਾਰਾ ਦਿਨ ਮੁੜਕੋ ਮੁੜ੍ਹਕੀ ਹੋਇਆ ਹੁੰਦਾ ਸੀ ਤੇ ਸ਼ਾਮਾਂ ਨੂੰ ਘੁੱਟ ਪੀ ਲੈਂਦਾ ਸੀ... ਮੈਨੂੰ ਤੁਸੀਂ ਪਿੰਡ ਵਾਪਸ ਲੈ ਜਾਓ। ਮੇਰੀ ਜਾਨ ਉੱਥੇ ਨਿਕਲ ਜਾਵੇ.... ਕੋਈ ਪਛਤਾਵਾ ਨਹੀਂ।

ਅਨੂਪ ਚੰਦ : ਹਰ ਹਫਤੇ ਪਿੰਡੋਂ ਤੈਨੂੰ ਕੌਣ ਲੈ ਕੇ ਆਵੇਗਾ ਡਾਕਟਰ ਨੂੰ ਵਿਖਾਉਣ। ਅੱਜ ਮੈਂ ਆਪਣੇ ਟੈਸਟ ਵੀ ਕਰਵਾਏ ਨੇ।

ਮੋਨਿਕਾ : ਠੀਕ ਠਾਕ ਨੇ ਟੈਸਟ?

ਅਨੂਪ ਚੰਦ : ਠੀਕ ਹੀ ਨੇ.... ਮਾੜਾ ਮੋਟਾ ਨੁਕਸ ਕਿਸ ਬੰਦੇ ’ਚ ਨਹੀਂ ਹੁੰਦਾ। ਸਵੇਰ ਦੀ ਸੈਰ ਕਰਾਂ ਤਾਂ ਸਿਹਤ ਕਾਇਮ ਰਹਿ ਸਕਦੀ ਏ.... ਪਰ ਤੈਨੂੰ ਜੂਸ ਪਿਆਉਣ ਦਾ, ਦਵਾਈ ਖਵਾਉਣ ਦਾ ਤੇ ਚਾਹ ਬਣਾਉਣ ਦੇ ਕੰਮ ’ਚ ਟਾਈਮ ਹੈ ਕਿੱਥੇ।

(ਮੋਟਰ ਸਾਈਕਲ ਦੀ ਆਵਾਜ਼ ਆਉਂਦੀ ਹੈ, ਬੱਬੂ ਆਉਂਦਾ ਹੈ)

ਬੱਬੂ : ਕੀਹਦੀਆਂ ਚੁਗਲੀਆਂ ਕਰਦੇ ਪਏ ਹੋ?

ਅਨੂਪ ਚੰਦ : (ਘਬਰਾਹਟ ਵਿੱਚ) ਟੈਸਟ ਕਰਵਾ ਕੇ ਆਇਆਂ ਆਪਣੇ।

ਬੱਬੂ : ਕਿੰਨੀ ਕੁ ਸ਼ਰਾਬ ਆਈ ਏ ਟੈਸਟਾਂ ਵਿੱਚ?

ਅਨੂਪ ਚੰਦ : ਦੇਖ ਬੱਬੂ, ਤੇਰੇ ਮਾਂ ਪਿਓ ਹਾਂ ਅਸੀਂ ਬਜ਼ੁਰਗਾਂ ਦੀ ਇੱਜ਼ਤ ਕਰਨੀ ਚਾਹੀਦੀ ਏ।

ਬੱਬੂ : ਹੋਰ ਕਿੰਨੀ ਕੁ ਇੱਜ਼ਤ ਕਰਾਂ। ਸ਼ਵੀ ਤੁਹਾਡੇ ਲਈ ਰੋਟੀ ਨਹੀਂ ਪਕਾਉਂਦੀ, ਬੁੜ੍ਹੀ ਦੇ ਮੂੰਹ ’ਚ ਹੋਰ ਬੁਰਕੀਆਂ ਪਾਵੇ।

ਅਨੂਪ ਚੰਦ : ਤੇਰੀ ਮਾਂ ਏ। ਤੂੰ ਅੱਜ ਇਹਦੇ ’ਤੇ ਵੀ ਹੱਥ ਚੁੱਕ ਲਿਐ?

ਬੱਬੂ : ਤੇਰੇ ਕੰਨ ਭਰ’ਤੇ ਇਹਨੇ। ਮੰਜੇ ’ਤੇ ਪਈ ਪਈ ਚੁਗਲੀ ਚੈਨਲ ਚਲਾਈ ਜਾਂਦੀ ਏ। ਡੈਡੀ, ਸ਼ਰਾਬ ਕਿੱਥੇ ਪਈ ਏ?

ਅਨੂਪ ਚੰਦ : ਮੁੱਕ ਗਈ ਏ ਕੱਲ੍ਹ ਦੀ।

ਬੱਬੂ : ਲੈ ਕੇ ਆ ਹੁਣੇ। ਹੋ ਜਾ ਤਿੱਤਰ ਠੇਕੇ ਵੱਲ।

ਅਨੂਪ ਚੰਦ : ਰਹਿਣ ਦੇ ਬੱਬੂ, ਤੇਰੀ ਮੰਮੀ ਸੀਰੀਅਸ ਜਾਪਦੀ ਏ।

ਬੱਬੂ : ਰੋਜ਼ ਇਵੇਂ ਈ ਹੁੰਦੀ ਏ ਸੀਰੀਅਸ। ਡੈਡੀ, ਆਹ ਗੋਸ਼ਟੀ ਪ੍ਰੋਗਰਾਮ



ਨਹੀਂ ਹੈਗਾ ਜਿੱਥੇ ਤੇਰੀ ਚੱਲੇਗੀ। ਆਹ ਘਰ ਏ ਘਰ. ਰੋਟੀ ਨਹੀਂ ਮਿਲਣੀ ਜੇ ਹੁਣੇ ਬੋਤਲ ਨਾ ਲੈ ਕੇ ਆਇਆ ਦੱਲਾ ਕਿਸੇ ਥਾਂ ਦਾ।

ਅਨੂਪ ਚੰਦ : (ਪਰੇਸ਼ਾਨੀ ਵਿੱਚ) ਦੱਲਾ?

ਬੱਬੂ : ਹੋਰ ਕੀ। (ਹੱਥ ਵਿੱਚ ਡੰਡਾ ਫੜਦਾ ਹੈ) ਡੰਡਾ ਦਿਸਦੈ?

ਮੋਨਿਕਾ : ਲੈ ਆਓ ਬੋਤਲ.... ਜਾਓ ਪਲੀਜ਼.... ਕਿਤੇ ਤੁਹਡੇ ਨਾ ਵੱਜ ਜਾਣ.... ਹਾਏ ਰੱਬਾ.... ਮਿਹਰ ਕਰੀਂ।

ਅਨੂਪ ਚੰਦ : ਮੋਨਿਕਾ ਹੌਂਸਲਾ ਰੱਖ। ਮੈਂ ਹੁਣੇ ਠੇਕੇ ਤੋਂ ਲੈ ਕੇ ਆਇਆ। (ਤੇਜ਼ ਤੇਜ਼ ਕਦਮੀਂ ਚਲਾ ਜਾਂਦਾ ਹੈ)

ਮੋਨਿਕਾ : ਹੇ ਰੱਬਾ.... ਆਹ ਦਿਨ ਵੀ.... ਬੋਤਲ ਲੈਣ ਗਿਐ ਪਿਓ... ਉਹ ਦੇਵਤਾ ਏ.... ਮੁੰਡਾ ਪੂਰਾ ਬਦਮਾਸ਼ ਏ।

ਬੱਬੂ : ਕੀ ਭੌਂਕਦੀ ਏਂ। (ਸ਼ਵੀ ਆਉਂਦੀ ਹੈ)

ਸ਼ਵੀ : ਕੀ ਹੋਇਆ, ਬੜੇ ਉੱਚੀ ਬੋਲ ਰਹੇ ਸੀ?

ਬੱਬੂ : ਇਹ ਬੁੜ੍ਹੀ ਸਾਨੂੰ ਬਦਮਾਸ਼ ਕਹਿੰਦੀ ਏ।

ਸ਼ਵੀ : ਇੱਕ ਸੇਵਾ ਕਰੋ ਇਹਦੀ, ਦੂਜਾ ਬਦਅਸੀਸਾਂ ਲਓ। ਪਤਾ ਨਹੀਂ ਇਹ ਕਦੋਂ ਮੰਜਾ ਛੱਡੇਗੀ।

ਮੋਨਿਕਾ : ਹਾਏ... ਮੇਰਾ ਦਿਲ.... ਉੱਡਦਾ ਜਾਂਦੈ ਮੇਰਾ ਦਿਲ... ਅਜੇ ਆਏ ਨਹੀਂ.... ਮੇਰੇ ਦੇਵਤਾ... ਪਾਣੀ... ਪਤਾ ਨਹੀਂ ਕਦੋਂ ਆਉਗੇ... ਹਾਏ...

ਬੱਬੂ : ਅਜੇ ਨਹੀਂ ਆਇਆ ਠੇਕੇ ਤੋਂ। ਰਾਹ ’ਚ ਟੱਕਰ ਗਿਆ ਹੋਣੈਂ ਕੋਈ ਸਾਲਾ ਕਵੀ ਤੇ ਇਸ ਵੱਡੇ ਪ੍ਰੋਫੈਸਰ ਨੇ ਖੋਹਲ ਲਈ ਹੋਣੀ ਏ ਆਪਣੀ ਕਵਿਤਾ। ਅੱਗ ਲਾ ਕੇ ਫੂਕ ਦਿਆਂਗਾ ਇਹਦੀ ਲਾਇਬਰੇਰੀ ਨੂੰ। ਪੂਰਾ ਕਮਰਾ ਮੱਲਿਐ ਖੇਹ ਸੁਆਹ ਜਿਹੀਆਂ ਕਿਤਾਬੜੀਆਂ ਨੇ।

ਮੋਨਿਕਾ : ਨਾ ਨਾ.... ਤੇਰੇ ਪਿਓ ਨੇ ਪੰਦਰਾਂ ਕਿਤਾਬਾਂ.... ਕਿੰਨੇ ਸਨਮਾਨ...... ਕਿੰਨੇ ਪਰਚੇ ਪੜ੍ਹੇ.... ਪਰ ਮੇਰਾ ਦਿਲ... ਪਾਣੀ... ਸਿਰ ਦਿਆ ਸਾਈਆਂ ਆ ਜਾ... ਮੇਰੀਆਂ ਅੱਖਾਂ ਅੱਗੇ... ਪਾਣੀ

ਬੱਬੂ : ਸ਼ਵੀ, ਦੇ ਦੇ ਇਹਨੂੰ ਪਾਣੀ ਟੂਟੀ ਦਾ।

(ਸ਼ਵੀ ਗਲਾਸ ਵਿੱਚ ਪਾਣੀ ਲੈ ਕੇ ਆਉਂਦੀ ਹੈ)

ਸ਼ਵੀ : ਫੜ ਲੈ ਪਾਣੀ, ਹੁਣ ਅੱਖਾਂ ਬੰਦ ਕਰ ਲਈਆਂ? ਸੁਣਿਓ, ਇਹ ਤਾਂ ਪੂਰੀ ਹੋ ਗਈ। (ਚੀਕਦੀ ਹੋਈ) ਮੰਮੀ ਮਰ ਗਈ, ਘਰ ਸੁੰਨਾ ਕਰ ਗਈ।

ਬੱਬੂ : (ਚੀਕਦਾ ਹੋਇਆ) ਹੈਂ... ਸੱਚੀਂ ਪੂਰੀ ਹੋ ਗਈ ਮੰਮੀ...ਮੈਨੂੰ ਤੇਰੇ ’ਤੇ ਹੱਥ ਨਹੀਂ ਸੀ ਚੁੱਕਣਾ ਚਾਹੀਦਾ। ਹੋ ਸਕੇ ਤਾਂ ਮਾਫ ਕਰੀਂ ਮੰਮੀ।

(ਰੋਣ ਲੱਗ ਪੈਂਦਾ ਹੈ, ਅਨੂਪ ਚੰਦ ਆਉਂਦਾ ਹੈ ਜਿਸ ਦੇ ਹੱਥ ਵਿੱਚ ਸ਼ਰਾਬ ਦੀ ਬੋਤਲ ਹੈ)

ਸ਼ਵੀ : (ਰੋਂਦੀ ਹੋਈ) ਡੈਡੀ, ਮੰਮੀ ਨਹੀਂ ਰਹੀ....

ਅਨੂਪ ਚੰਦ : (ਘਬਰਾਹਟ ਵਿੱਚ) ਕੀ ਹੋਇਐ? ਕਹਾਣੀ ਖਤਮ ਹੋ ਗਈ.... (ਉੱਚੀ

ਉੱਚੀ ਰੋਂਦਾ ਹੋਇਆ ਮੋਨਿਕਾ ਦੇ ਮੰਜੇ ਕੋਲ ਬਹਿ ਜਾਂਦਾ ਹੈ)
ਬਸ ਇੰਨਾ ਕੁ ਸੀ ਸਾਥ... ਤੂੰ ਪਿੰਡ ਜਾ ਕੇ ਮਰਨਾ ਚਾਹੁੰਦੀ ਸੀ.... ਮੈਂ ਤੇਰੀ ਆਖਰੀ ਖਾਹਿਸ਼ ਪੂਰੀ ਨਹੀਂ ਕਰ ਸਕਿਆ ਮੋਨਿਕਾ.... ਤੂੰ ਦੇਵੀ ਸੀ ਦੇਵੀ... ਤੂੰ ਮੇਰੀ ਜਾਇਜ਼ ਨਜਾਇਜ਼ ਸਭ ਮੰਨਦੀ ਰਹੀ....
(ਬੱਬੂ ਬੋਤਲ ਚੁੱਕ ਕੇ ਅੰਦਰ ਚਲਾ ਜਾਂਦਾ ਹੈ ਅਤੇ ਨਾਲ ਹੀ ਪਰਦਾ ਡਿੱਗਦਾ ਹੈ)

ਦ੍ਰਿਸ਼ ਚੌਥਾ

ਸਥਾਨ : ਅਨੂਪ ਚੰਦ ਦੀ ਸ਼ਹਿਰ ਵਾਲੀ ਕੋਠੀ
(ਇੱਕ ਤਖ਼ਤਪੋਸ਼ ਤੇ ਕੁੱਝ ਕਿਤਾਬਾਂ ਸਜਾ ਕੇ ਰੱਖੀਆਂ ਹਨ। ਕੋਲ ਹੀ ਮੋਨਿਕਾ ਦੀ ਫਰੇਮ ਕੀਤੀ ਫੋਟੋ ਪਈ ਹੈ। ਅਨੂਪ ਚੰਦ ਗੰਭੀਰਤਾ ਵਿੱਚ ਕਦੇ ਕਿਤਾਬਾਂ ਵੱਲ ਅਤੇ ਕਦੇ ਮੋਨਿਕਾ ਦੀ ਫੋਟੋ ਵੱਲ ਵੇਖਦਾ ਹੈ ਜਿਵੇਂ ਕੁੱਝ ਤਲਾਸ਼ ਕਰ ਰਿਹਾ ਹੋਵੇ)

ਅਨੂਪ ਚੰਦ : (ਫੋਟੋ ਨਾਲ ਗੱਲਾਂ ਕਰਦਾ ਹੋਇਆ) ਇਹ ਤੇਰੀ ਜਵਾਨੀ ਦੀ ਫੋਟੋ ਏ। ਜਵਾਨੀ ਮਸਤਾਨੀ ਹੁੰਦੀ ਏ ਮੋਨਿਕਾ। ਤੇਰੇ ਨਾਲ ਬਿਤਾਏ ਪਲ ਕਿੰਨੇ ਹੁਸੀਨ ਸਨ....
(ਗਾਉਂਦਾ ਹੋਇਆ) ਨਹੀਂ ਲੱਭਣੇ ਲਾਲ ਗਵਾਚੇ
ਮਿੱਟੀ ਨਾ ਫਰੋਲ ਜੋਗੀਆ।
ਤੇਰੇ ਹੁੰਦਿਆਂ ਰੋਟੀ ਟਾਈਮ ਨਾਲ ਤਿਆਰ ਪਈ ਹੁੰਦੀ ਸੀ। ਮੈਂ ਭਾਵੇਂ ਲੇਟ ਹੋ ਜਾਂਦਾ ਸੀ.... ਕੱਪੜੇ ਧੋਤੇ ਹੋਏ ਇੱਕਦਮ ਸਾਫ਼.... ਘਰ ਦਾ ਸਾਰਾ ਕੰਮ ਕੁੰਜਿਆ ਹੁੰਦਾ ਸੀ, ਕੋਈ ਖਿਲਾਰਾ ਨਹੀਂ ਸੀ..... ਮਹਿਫਲਾਂ ਤੋਂ ਆਉਂਦੇ ਭਾਵੇਂ ਅੱਧੀ ਰਾਤ ਵੀ ਹੋ ਜਾਂਦੀ.... ਪਰ ਤੂੰ ਮੱਥੇ ਵੱਟ ਨਾ ਪਾਇਆ। ਮੇਰੇ ਆਉਣ ਤੱਕ ਤੂੰ ਜਾਗਦੀ ਰਹਿੰਦੀ, ਮੈਨੂੰ ਰੋਟੀ ਖਵਾ ਕੇ ਹੀ ਸੌਂਦੀ। ਤੇਰੀ ਤਪੱਸਿਆ ਮੂਹਰੇ ਮੇਰੀ ਕਲਮ ਕੁੱਝ ਵੀ ਨਹੀਂ....
(ਅਨੂਪ ਚੰਦ ਦੀਆਂ ਅੱਖਾਂ ਵਿੱਚੋਂ ਹੰਝੂ ਕਿਰਦੇ ਹਨ)
ਹੁਣ ਉਹ ਵਕਤ ਕਦੇ ਨਹੀਂ ਆਉਣਾ।
(ਗੇਟ 'ਤੇ ਲੱਗੀ ਘੰਟੀ ਦੀ ਆਵਾਜ਼ ਆਉਂਦੀ ਹੈ)
ਹੋ ਸਕਦੈ ਗੁਰਨਾਮ ਹੀ ਹੋਵੇ। (ਉੱਚੀ ਆਵਾਜ਼ ਵਿੱਚ)
ਲੰਘ ਆਓ ਅੰਦਰ। ਗੇਟ ਖੁੱਲ੍ਹਾ ਹੀ ਏ।
(ਗੁਰਨਾਮ ਆਉਂਦਾ ਹੈ)

ਅਨੂਪ ਚੰਦ : (ਗੁਰਨਾਮ ਸਿੰਘ ਨੂੰ ਗਲਵਕੜੀ ਪਾਉਂਦਾ ਹੋਇਆ) ਆਪ ਆਏ ਬਹਾਰ ਆਈ।

ਗੁਰਨਾਮ : (ਕਵਿਤਾ ਵਿੱਚ ਹੀ) ਪਿੰਡ ਦੀ ਹਵਾ ਨਾਲ ਲਿਆਈ।
(ਗੁਰਨਾਮ ਬੋਲਦੇ ਬੋਲਦੇ ਹੱਸਦਾ ਹੈ)

ਅਨੂਪ ਚੰਦ : ਆ ਬੈਠ ਯਾਰ, ਮੈਨੂੰ ਪੱਕਾ ਵਿਸ਼ਵਾਸ ਸੀ ਗੁਰਨਾਮ ਪਹੁੰਚਣ ਹੀ ਵਾਲਾ



ਏ, ਮੈਂ ਗੇਟ ਦਾ ਕੁੰਡਾ ਖੋਲ੍ਹ ਆਇਆ।

ਗੁਰਨਾਮ : ਮੇਰਾ ਯਾਰ ਯਾਦ ਕਰੇ ਤਾਂ ਗੁਰਨਾਮ ਸਿੰਘ ਨਾ ਆਏ, ਇਹ ਕਿੱਥੇ ਲਿਖਿਐ। ਤੁਸੀਂ ਮੈਨੂੰ ਚਾਰ ਵਜੇ ਆਉਣ ਦਾ ਹੁਕਮ ਕੀਤਾ ਸੀ, ਆਪਾਂ ਹੁਕਮ ਦੇ ਬੱਧੇ ਡਰਦੇ ਮਾਰੇ ਦਸ ਮਿੰਟ ਅਡਵਾਂਸ ਹੀ ਹਾਜ਼ਰੀ ਲਵਾ ਦਿੱਤੀ ਏ।
(ਅਨੂਪ ਚੰਦ ਦੀਆਂ ਅੱਖਾਂ ਵਿੱਚੋਂ ਅੱਥਰੂ ਵਗਣੇ ਸ਼ੁਰੂ ਹੋ ਗਏ ਹਨ)

ਗੁਰਨਾਮ : ਅੱਥਰੂ? ਕੀ ਹੋਇਐ ਮੇਰੇ ਯਾਰ?

ਅਨੂਪ ਚੰਦ : ਲੋਕ ਕਹਿੰਦੇ ਨੇ ਜ਼ਮਾਨਾ ਸਵਾਰਥ ਦਾ ਆ ਗਿਐ, ਪਰ ਤੇਰੀ ਯਾਰੀ ਵੱਲ ਧਿਆਨ ਜਾਂਦੈ ਤਾਂ ਮੈਂ ਹਿੱਕ ਥਾਪੜ ਕੇ ਕਹਿ ਸਕਦਾਂ ਕਿ ਵਿਸ਼ਵਾਸ ਅਤੇ ਪਿਆਰ ਦਾ ਬੀਜ ਪੂਰੀ ਤਰ੍ਹਾਂ ਨਸ਼ਟ ਨਹੀਂ ਹੋਇਆ।

ਗੁਰਨਾਮ : ਪਿਆਰ ਨਿਭੇਗਾ ਵੀ ਆਖਰੀ ਦਮ ਤੱਕ.

ਅਨੂਪ ਚੰਦ : ਯਾਰ, ਇਸ ਪੁਤਲੇ 'ਚ ਜਿਹੜੇ ਸਾਹ ਚੱਲ ਰਹੇ ਨੇ, ਉਹ ਤੇਰੇ ਵਰਗੇ ਯਾਰਾਂ ਕਰਕੇ.... ਕਈ ਵਾਰ ਮੈਨੂੰ ਓਪਰੀ ਜਿਹੀ ਜਾਪਦੀ ਏ ਦੁਨੀਆ ਤਾਂ ਤੇਰਾ ਚੇਤਾ ਆਉਂਦੇ ਹੀ ਪਤਾ ਨਹੀਂ ਕੁਦਰਤ ਮੇਰੇ 'ਚ ਊਰਜਾ ਕਿਵੇਂ ਪੈਦਾ ਕਰ ਦਿੰਦੀ ਏ।

ਗੁਰਨਾਮ : ਮਿਹਰਬਾਨੀ ਯਾਰ। (ਕਿਤਾਬਾਂ ਵੱਲ ਇਸ਼ਾਰਾ ਕਰਦੇ ਹੋਏ) ਇਹ ਕਿਤਾਬਾਂ ਨੂੰ ਬੜਾ ਸਜਾ ਕੇ ਰੱਖਿਆ ਏ ਮੇਜ਼ ਤੇ। ਇਨ੍ਹਾਂ ਦੀ ਘੁੰਡ ਚੁਕਾਈ ਤਾਂ ਨਹੀਂ ਅੱਜ?

ਅਨੂਪ ਚੰਦ : ਅੱਜ ਕਿਤਾਬਾਂ ਰਲੀਜ਼ ਹੋਣਗੀਆਂ। ਦਸਦਾਂ, ਪਹਿਲਾਂ ਜ਼ਰਾ ਜੂਸ ਪੀ ਲੈ।
(ਦੋਵੇਂ ਗਲਾਸਾਂ 'ਚ ਪਾਇਆ ਹੋਇਆ ਜੂਸ ਪੀਂਦੇ ਹਨ)

ਗੁਰਨਾਮ : ਘਰ ਹੋਰ ਨਹੀਂ ਕੋਈ ਵੀ?

ਅਨੂਪ ਚੰਦ : ਅੱਜ ਮੈਂ ਇਕੱਲਾ ਹੀ ਹਾਂ। ਵੈਸੇ ਵੀ ਮੋਨਿਕਾ ਦੇ ਜਾਣ ਤੋਂ ਬਾਅਦ ਜਿਹੜੇ ਤਿੰਨ ਸਾਲ ਕੱਢੇ ਨੇ, ਖਾ ਗਈ ਇਕਾਂਤ ਮੈਨੂੰ। ਆਈਸੋਲੇਸ਼ਨ ਨਾਮੁਰਾਦ ਬਿਮਾਰੀ ਏ।

ਗੁਰਨਾਮ : ਮੁੰਡਾ, ਨੂੰਹ ਤੇ ਪੋਤੀ ਸਭ ਕਿੱਥੇ ਨੇ? ਕਿਤੇ ਅਲੱਗ ਤਾਂ ਨਹੀਂ ਹੋ ਗਏ?

ਅਨੂਪ ਚੰਦ : ਸ਼ੁਕਰ ਏ ਪੰਦਰਾਂ ਦਿਨ ਦੀ ਅਜ਼ਾਦੀ ਮਿਲੀ, ਸੁੱਖ ਦਾ ਸਾਹ ਆ ਗਿਐ।

ਗੁਰਨਾਮ : ਪੰਦਰਾਂ ਦਿਨ ਦੀ ਆਜ਼ਾਦੀ?

ਅਨੂਪ ਚੰਦ : ਉਹ ਟੂਰਿਸਟ ਵੀਜ਼ੇ 'ਤੇ ਜਰਮਨ ਗਏ ਨੇ, ਵੀਜ਼ਾ ਈ ਸਾਰਾ ਦੋ ਹਫਤਿਆਂ ਦਾ ਲੱਗੈ। ਮੈਂ ਤਾਂ ਚਾਹੁੰਦਾ ਸੀ ਕਿ ਕਿਤੇ ਸਾਲ ਛੇ ਮਹੀਨੇ ਲਈ ਮਗਰੋਂ ਲਹਿ ਜਾਂਦੇ ਪਰ.....

ਗੁਰਨਾਮ : ਬੰਦੇ ਦਾ ਪੁੱਤਰ ਨਹੀਂ ਬਣਿਆ ਬੱਬੂ?

ਅਨੂਪ ਚੰਦ : ਕੁੱਝ ਨਾ ਹੀ ਪੁੱਛ ਮੇਰੇ ਨਾਲ ਜੋ ਬੀਤਦੀ ਰਹੀ ਏ। ਮੇਰੇ ਕੋਲੋਂ ਦੱਸੀ ਨਹੀਂ ਜਾਣੀ, ਤੇਰੇ ਕੋਲੋਂ ਸੁਣੀ ਨਹੀਂ....

ਗੁਰਨਾਮ : ਪਰ ਉਹਨਾਂ ਨੂੰ ਬਿਮਾਰੀ ਕੀ ਏ ਮੁੰਡੇ ਤੇ ਨੂੰਹ ਨੂੰ?

ਅਨੂਪ ਚੰਦ : ਆਪਣੀ ਪੈਨਸ਼ਨ ਵਿੱਚੋਂ ਘਰ ਦੇ ਸਾਰੇ ਖਰਚੇ ਮੈਂ ਕਰਾਂ, ਦੁੱਧ ਦਾ ਬਿੱਲ, ਬਿਜਲੀ ਦਾ ਬਿੱਲ, ਪਾਣੀ ਦਾ ਬਿੱਲ, ਕਰਿਆਨਾ ਤੇ ਸਬਜ਼ੀ ਸਭ ਮੈਂ ਢੋਵਾਂ ਤੇ ਫਿਰ ਗਾਲ੍ਹਾਂ....

ਗੁਰਨਾਮ : ਪਰ ਉਹ ਆਪ ਮੀਆਂ ਬੀਵੀ ਵੀ ਤਾਂ ਕਮਾਉਂਦੇ ਨੇ?

ਅਨੂਪ ਚੰਦ : ਉਹ ਬੈਂਕ ਬੈਲੈਂਸ ਦੀ ਚਿੰਤਾ ਕਰਦੇ ਰਹੇ ਤੇ ਹੁਣ ਜਰਮਨ ਦੀਆਂ ਸੈਰਾਂ ਪਏ ਕਰਦੇ ਨੇ।

ਗੁਰਨਾਮ : ਬੈਂਕ ਬੈਲੈਂਸ ਰੱਖਣ ਪਰ ਤੇਰੀ ਰਸਪੈਕਟ ਤਾਂ ਕਰਨ।

ਅਨੂਪ ਚੰਦ : ਰਸਪੈਕਟ? ਬਕਵਾਸ ਐਸਾ ਕਰਦੈ ਕਿ ਦਿਲ.... ਬਸ ਮਨ ਨੂੰ ਮਾਰ ਕੇ ਦਿਨ ਕੱਟੀ ਕਰ ਰਿਹਾਂ।

ਗੁਰਨਾਮ : ਤੁਸੀਂ ਸਭ ਚੁੱਪ ਕਰਕੇ ਸਹਿ ਜਾਂਦੇ ਰਹੇ ਹੋ?

ਅਨੂਪ ਚੰਦ : ਹੋਰ ਕਰਦਾ ਵੀ ਕੀ। ਹੱਡੀਆਂ ਤੁੜਾਉਂਦਾ ਉਸ ਤੋਂ। ਹਰਾਮਜ਼ਾਦਾ, ਕੁੱਤਾ ਕਮੀਨਾ, ਬੁੱਢਾ ਕੁੱਕੜ, ਮੀਣਾ ਸ਼ਾਇਰ, ਡੱਫਰ ਤੇ ਦੱਲਾ, ਕਿੰਨੇ ਹੀ ਸਨਮਾਨ ਉਹਨੇ ਫਰੀ 'ਚ ਮੇਰੀ ਝੋਲੀ 'ਚ ਪਾਏ ਨੇ।

ਗੁਰਨਾਮ : ਦੱਲਾ ਤਾਂ ਤੁਸੀਂ ਵੀ ਬਾਪੂ ਕਰਤਾਰ ਚੰਦ ਨੂੰ ਕਹਿ ਦਿੰਦੇ ਸੀ ਘੁੱਟ ਪੀ ਕੇ।

ਅਨੂਪ ਚੰਦ : ਹੂੰ..... ਸੁਣ ਵੀ ਤਾ ਰਹੇ ਹਾਂ। ਅੱਜ ਬਾਪੂ ਦਾ ਵਿਹੜਾ ਯਾਦ ਆ ਰਿਹੈ।

ਗੁਰਨਾਮ : ਲਿਆਓ ਹੁਣ ਕੋਈ ਬੋਤਲ ਪ੍ਰੋਫੈਸਰ ਸਾਹਿਬ, ਪੀ ਕੇ ਕਰਦੇ ਹਾਂ ਦੁੱਖ ਸੁੱਖ ਸਾਂਝੇ।

ਅਨੂਪ ਚੰਦ : ਪਿੰਡ ਜਾ ਕੇ ਕਰਾਂਗੇ ਅੱਜ ਹੀ।

ਗੁਰਨਾਮ : (ਹੈਰਾਨੀ ਵਿੱਚ) ਪਿੰਡ ਜਾ ਕੇ ਅੱਜ ਹੀ?

ਅਨੂਪ ਚੰਦ : ਉਹਨਾਂ ਜਰਮਨ ਤੋਂ ਕੱਲ੍ਹ ਆ ਜਾਣੈਂ। ਆਉਣ ਤੋਂ ਪਹਿਲਾਂ ਹੀ ਆਪਣਾ ਪ੍ਰਬੰਧ ਕਰ ਲਈਏ। ਹੁਣ ਹੋਰ ਕੁੱਟ ਖਾਧੀ ਨਹੀਂ ਜਾਂਦੀ ਇਹਨਾਂ ਬੁੱਢੇ ਹੱਡਾਂ ਤੋਂ।

ਗੁਰਨਾਮ : ਸ਼ਹਿਰ ਛੱਡ ਜਾਣੈਂ?

ਅਨੂਪ ਚੰਦ : ਰੱਜ ਗਏ ਹਾਂ ਸ਼ਹਿਰ ਤੋਂ। ਸੋਚਿਆ ਕੀ ਸੀ, ਹੋ ਕੀ ਗਿਆ....

ਗੁਰਨਾਮ : ਤੇ ਸ਼ਹਿਰ ਦੇ ਤੁਹਾਡੇ ਸਾਥੀ?

ਅਨੂਪ ਚੰਦ : ਸਭ ਉਪਰ ਪਹੁੰਚ ਗਏ ਨੇ ਦਾਰੂ ਪੀ ਪੀ ਕੇ। ਇੱਕ ਦੋ ਰਹਿ ਗਏ ਨੇ, ਗੋਡੇ ਜਵਾਬ ਦੇ ਗਏ ਉਹਨਾਂ ਦੇ। ਬੱਸ ਇੱਕ ਕਪੂਰ ਹੀ ਏ ਜਿਹਦੀ ਮਾਰਕੀਟ ਚੱਲ ਗਈ। ਕਿਸੇ ਨਾ ਕਿਸੇ ਚੈਨਲ 'ਤੇ ਬੁੱਕ ਹੋਇਆ ਹੁੰਦੈ। ਉਹਨੂੰ ਮਿਲਣ ਲਈ ਅਪਾਇੰਟਮੈਂਟ ਕੌਣ ਲਵੇ।..... ਇਹਨਾਂ ਯਾਰਾਂ ਨੂੰ ਛੱਡ। ਪਿੰਡ ਦੇ, ਮੁਹੱਲੇ ਦੇ ਮਿੱਤਰਾਂ ਨੂੰ ਮਿਲਾਂਗੇ ਤੇ ਰੌਣਕ ਵੀ ਸ਼ਾਇਦ ਪਰਤ ਆਏ ਚਿਹਰੇ 'ਤੇ। ਆਹ ਕਿਤਾਬਾਂ ਨੂੰ ਲੈ ਕੇ ਜਾਣੈਂ ਪਿੰਡ।

(ਫੋਨ ਦੀ ਘੰਟੀ ਵੱਜਦੀ ਹੈ)

ਲੈ ਆਏ ਕਾਰ? ਬਸ ਸਾਡੀ ਵੀ ਤਿਆਰੀ ਏ।



(ਗੁਰਨਾਮ ਨੂੰ) ਕਿਰਾਏ 'ਤੇ ਕੋਈ ਛੋਟਾ ਜਿਹਾ ਘਰ ਮਿਲ ਹੀ ਜਾਏਗਾ?

ਗੁਰਨਾਮ : ਘਰ... ਹਾਂ ਹਾਂ, ਤੁਹਾਡੇ ਵਾਲੀ ਕੋਠੀ ਖਾਲੀ ਪਈ ਏ। ਉਹਦੇ ਮਾਲਕ ਅਮਰੀਕਾ ਚਲੇ ਗਏ ਨੇ। ਕਿਰਾਇਆ ਵੀ ਖ਼ਾਸ ਨਹੀਂ।

ਅਨੂਪ ਚੰਦ : (ਖੁਸ਼ੀ ਵਿੱਚ) ਸਾਡੀ ਕੋਠੀ? (ਸੋਚਾਂ ਵਿੱਚ) ਜਿੱਥੇ ਮੋਨਿਕਾ ਰੋਟੀਆਂ ਪਕਾਇਆ ਕਰਦੀ ਸੀ.... ਵਿਹੜੇ 'ਚ ਭੱਜੀ ਫਿਰਦੀ ਸੀ। ਉਸ ਘਰ ਵਿੱਚ ਮੈਂ ਮੋਨਿਕਾ ਦੀ ਫੋਟੋ ਲਾਵਾਂਗਾ, ਮੋਨਿਕਾ ਫਿਰ ਆਪਣੇ ਘਰ ਪਹੁੰਚ ਜਾਵੇਗੀ।

(ਫੋਨ ਦੀ ਘੰਟੀ ਵੱਜਦੀ ਹੈ)

ਅਨੂਪ ਚੰਦ : ਹੈਲੋ ਕੌਣ?

ਫੋਨ ਤੋਂ ਆਵਾਜ਼ : ਤੇਰਾ ਬਾਪ ਬੱਬੂ। ਘਰ ਦੀ ਸਫਾਈ ਕਰਾ ਦੇ ਚੰਗੀ ਤਰ੍ਹਾਂ। ਠੀਕ ਤਿੰਨ ਘੰਟੇ ਬਾਅਦ ਪਹੁੰਚਣ ਵਾਲੇ ਆਂ। ਜੇ ਘਰ ਨਰਕ ਬਣਿਆ ਹੋਇਆ ਤਾਂ ਤੈਨੂੰ ਨਰਕਾਂ 'ਚ ਪਹੁੰਚਾ ਕੇ ਛੱਡਾਂਗਾ।

ਅਨੂਪ ਚੰਦ : ਆ ਕੁੱਤਿਆ, ਤੇਰੀ ਗੁਲਾਮੀ ਦਾ ਦੌਰ ਖਤਮ ਹੋ ਗਿਐ। (ਫੋਨ ਬੰਦ ਕਰ ਦਿੰਦਾ ਹੈ) ਜੂਠਾਂ ਜ਼ਮਾਨੇ ਦੀਆਂ, ਤਿੰਨ ਘੰਟਿਆਂ ਨੂੰ ਇੱਥੇ ਆਉਣ ਵਾਲੀਆਂ ਨੇ।

ਗੁਰਨਾਮ : ਹੁਣ ਫਿਰ ਕਿਵੇਂ?

ਅਨੂਪ ਚੰਦ : ਆਹ ਚੁੱਕ ਯਾਰ ਕਿਤਾਬਾਂ। ਬਾਕੀ ਮੈਂ ਆਪਣੇ ਕਾਗਜ਼ ਪੱਤਰ ਸਭ ਬੈਗ 'ਚ ਪਾ ਲਏ ਨੇ। ਚਾਬੀ ਗੁਆਂਢੀਆਂ ਨੂੰ ਫੜਾ ਦਿੰਦੇ ਹਾਂ। ਵੇਖਾਂਗਾ, ਹੁਣ ਉਹ ਬਦਮਾਸ਼ ਕਿਹਦੇ 'ਤੇ ਬਦਮਾਸ਼ੀ ਝਾੜੇਗਾ।

ਗੁਰਨਾਮ : (ਕਿਤਾਬਾਂ ਚੁੱਕਦਾ ਹੋਇਆ) ਬਾਕੀ ਉਹ ਵਿਗੜਿਆ ਮੁੰਡਾ ਪਿੰਡ ਆ ਕੇ ਬੋਲੇ ਤੁਹਾਡੇ ਉਲਟ, ਕਿਵੇਂ ਭਾਜੀ ਮੋੜਾਂਗਾ ਉਹਨੂੰ।

ਅਨੂਪ ਚੰਦ : ਇੱਥੇ ਮੇਰਾ ਦਮ ਘੁੱਟਦਾ ਪਿਆ ਸੀ। ਤੇਰੇ ਆਉਣ ਨਾਲ ਪਿੰਡ ਦੀ ਹਵਾ ਦੇ ਤਾਜ਼ੇ ਬੁੱਲੇ ਦੀ ਮਹਿਕ ਮਹਿਸੂਸ ਹੋ ਰਹੀ ਏ। ਉੱਥੇ ਜਾ ਕੇ ਖੁੱਲ੍ਹੀ ਹਵਾ 'ਚ ਸਾਹ ਲਵਾਂਗਾ। ਤੇਰੀਆਂ ਲਿਖੀਆਂ ਗ਼ਜ਼ਲਾਂ ਨੂੰ ਗਾਵਾਂਗਾ ਬਾਪੂ ਦੇ ਵਿਹੜੇ ਵਿੱਚ।

(ਅਨੂਪ ਚੰਦ ਮੋਢੇ 'ਤੇ ਬੈਗ ਲਟਕਾ ਲੈਂਦਾ ਹੈ, ਗੁਰਨਾਮ ਸਿੰਘ ਨੇ ਕਿਤਾਬਾਂ ਚੁੱਕੀਆਂ ਹਨ, ਦੋਵੇਂ ਉਥੋਂ ਜਾਣ ਦੀ ਤਿਆਰੀ ਕਰਦੇ ਜਾਪਦੇ ਹਨ)

ਪਿੱਛੋਂ ਗੀਤ ਦੀ ਆਵਾਜ਼ :

ਮੈਂ ਜਾ ਰਿਹਾ ਹਾਂ ਆਪਣੇ ਦੇਸ  
ਛੱਡ ਚੱਲਿਆ ਹਾਂ ਪਰਦੇਸ।  
ਬਾਪੂ ਦੇ ਵਿਹੜੇ ਦੇ ਲੋਕ  
ਨੱਚਦੇ, ਹੱਸਦੇ, ਉਹ ਦਰਵੇਸ਼  
ਮੈਂ ਜਾ ਰਿਹਾ...

(ਪਰਦਾ)

# ਕਹਾਣੀਆਂ

## ਵਡੱਪਣ

*ਪ੍ਰਤਾਪ ਪਾਰਸ ਗੁਰਦਾਸਪੁਰੀ*

ਰੱਜੀ ਦੇ ਘਰਵਾਲੇ ਦੀ ਮੌਤ ਕੋਮਲ ਦੇ ਜਨਮ ਤੋਂ ਕੋਈ ਅੱਠ ਮਹੀਨੇ ਬਾਅਦ ਹੀ ਹੋ ਗਈ ਸੀ। ਪਹਾੜ ਜਿੱਡੀ ਜ਼ਿੰਦਗੀ, ਕੋਮਲ ਦਾ ਪਾਲਣ-ਪੋਸਣ ਅਤੇ ਘਰ ਦੇ ਗੁਜਾਰੇ ਨੇ ਰੱਜੀ ਦੇ ਅੰਦਰੋਂ ਜੱਟੀ ਹੋਣ ਦਾ ਅਹਿਸਾਸ ਪਤਾ ਹੀ ਨਾ ਲੱਗਾ ਕਦੋਂ ਮਾਰ ਦਿੱਤਾ ਤੇ ਕਦੇ ਉਹ ਮਜਬੂਰੀਆਂ ਵੱਸ ਹੋ ਪਿੰਡ ਦੇ ਹੀ ਦੋ-ਚਾਰ ਘਰਾਂ ਦਾ ਕੰਮ ਕਰਨ ਲੱਗ ਗਈ ਹੋਵੇ, ਪਰ ਉਸ ਮਾਂ ਦੀ ਧੀ ਨੇ ਆਪਣੇ ਇਨਾਂ ਹਲਾਤਾਂ ਦੀ ਖਬਰ ਆਪਣੇ ਪੇਕੇ ਤੱਕ ਨਾ ਜਾਣ ਦਿੱਤੀ। ਉਹ ਆਪ ਤਾਂ ਭਾਵੇਂ ਲੋਕਾਂ ਦੇ ਘਰਾਂ ਵਿਚ ਝੂਠੇ ਭਾਂਡੇ ਮਾਂਜਦੀ, ਝਾੜੂ-ਪੋਚਾ ਲਾਉਂਦੀ ਪਰ ਕੋਮਲ ਨੂੰ ਉਹ ਤੱਤੀ ਵਾਹ ਨਾ ਲੱਗਣ ਦਿੰਦੀ ਤੇ ਕਿਸੇ ਕਿਸਮ ਦੀ ਤੰਗੀ ਨਾ ਆਉਣ ਦਿੰਦੀ। ਰੱਜੀ ਚਿੜੀਆਂ ਵਾਂਗ ਬਾਹਰੋਂ ਚੋਗਾ ਲਿਆ ਕੋਮਲ ਦੇ ਮੂੰਹ ਵਿਚ ਪਾਉਂਦੀ ਵਕਤ ਆਪਣੀ ਚਾਲੇ ਚੱਲਦਾ ਰਿਹਾ ਹੁਣ ਕੋਮਲ ਜਵਾਨ ਹੋ ਗਈ ਸੀ ਆਪਣੀ ਮਾਂ ਵਾਂਗ ਗੋਲ-ਮੋਲ ਚਿਹਰਾ, ਮੋਟੀਆਂ-ਮੋਟੀਆਂ ਅੱਖਾਂ ਹਰ ਕੋਈ ਉਸ ਵੱਲ ਬੜੀ ਉਤਸੁਕਤਾ ਨਾਲ ਤੱਕਦਾ ਪਰ ਉਹ ਕਿਸੇ ਵੱਲ ਬਹੁਤਾ ਧਿਆਨ ਨਾ ਦਿੰਦੀ। ਉਸ ਨੇ ਹੁਣ ਪਲੱਸ-ਟੂ ਕਰਕੇ ਸ਼ਹਿਰ ਕਾਲਜ ਦਾਖਲਾ ਲੈ ਲਿਆ ਸੀ ਕਾਲਜ ਦਾ ਹਰ ਮੁੰਡਾ ਉਸ ਵੱਲ ਆਕਰਸ਼ਿਤ ਜਿਹਾ ਹੋ ਰਿਹਾ ਸੀ ਪਰ ਕੋਮਲ ਕਿਸੇ ਵੱਲ ਵੀ ਨਾ ਤੱਕਦੀ ਉਸਨੂੰ ਇਸ ਸਾਰੇ ਕੁਝ ’ਤੇ ਕਈ ਵਾਰੀ ਬਹੁਤ ਗੁੱਸਾ ਆਉਂਦਾ ਪਰ ਚੁੱਪ-ਚਾਪ ਆਪਣੇ ਟੀਚੇ ’ਤੇ ਰਹਿੰਦੀ। ਜਵਾਨੀ ਦੇ ਦੌਰ ਚੋਂ ਗੁਜਰਦਾ ਹਰ ਸਖ਼ਸ਼ ਕਿਤੇ ਨਾ ਕਿਤੇ ਪਿਆਰ-ਮੁਹੱਬਤ ਦਾ ਸ਼ਿਕਾਰ ਹੋ ਹੀ ਜਾਂਦਾ ਹੈ ਏਸੇ ਤਰਾਂ ਕੋਮਲ ਵੀ ਆਪਣੇ ਨਾਲ ਪੜ੍ਹਦੇ ਇਕ ਕ੍ਰਿਸ਼ਚੀਅਨ ਮੁੰਡੇ “ਸਰੀਫ਼ ਨੂੰ ਉਸਦੀ ਸਾਦਗੀ ਤੇ ਸੰਜੀਦਗੀ ਵੇਖ ਦਿਲ ਹਾਰ ਬੈਠੀ। ਸਰੀਫ਼ ਬੇ-ਹੱਦ ਸੰਗਾਊ ਮੁੰਡਾ ਸੀ ਬਹੁਤ ਘੱਟ ਬੋਲਣਾ ਤੇ ਪੜਾਈ ਤੋਂ ਬਿਨਾਂ ਕੋਮਲ ਨਾਲ ਵੀ ਉਸ ਵੱਲੋਂ ਕੋਈ ਗੱਲ-ਬਾਤ ਨਾ ਕਰਨਾ ਹੀ ਕੋਮਲ ਨੂੰ ਜਿਆਦਾ ਵਧੀਆ ਲੱਗਿਆ ਸੀ।

ਕੋਮਲ ਦੇ ਸੁਭਾਅ ਵਿਚ ਆ ਰਹੀ ਤਬਦੀਲੀ ਸ਼ਾਇਦ ਰੱਜੀ ਨੂੰ ਖਟਕ ਰਹੀ ਸੀ ਪਰ ਉਸਨੂੰ ਕਹਿੰਦੀ-ਕਹਿੰਦੀ ਫਿਰ ਰੁੱਕ ਜਾਂਦੀ। ਓਧਰ ਜਵਾਨੀ ਇਨਾਂ ਸਾਰੀਆਂ ਚੀਜਾਂ ਤੋਂ ਬੇ-ਖਬਰ ਇਕ ਮਰਨ-ਜੀਣ ਦੀਆਂ ਬੁਨਤਾਂ ਬੁਣ ਰਹੀ ਸੀ। ਕੋਮਲ ਹੁਣ ਉਹ ਕੋਮਲ ਨਹੀਂ ਰਹੀ ਸੀ ਮਾਂ ਕੋਲੋਂ ਕੁਝ ਛੁਪਾਂਦੀ ਲੱਗ ਰਹੀ ਸੀ ਪਰ ਮਾਂ ਇਸ ਬਾਰੇ ਕੌਮਲ ਨੂੰ ਸਿੱਧਾ ਪੁੱਛ ਕੇ ਮਾਵਾਂ-ਧੀਆਂ ਦੇ ਰਿਸ਼ਤੇ ਵਿਚ ਖਟਾਸ ਨਹੀਂ ਭਰਨਾ ਚਾਹੁੰਦੀ ਸੀ । ਕੋਮਲ ਕਦੋਂ ਬੀ ਏ ਤੇ ਕਦੋਂ ਬੀ ਐਡ ਕਰਕੇ ਨੇੜਲੇ ਪਿੰਡ ਦੇ ਇਕ ਵਧੀਆ ਪ੍ਰਾਈਵੇਟ ਸਕੂਲ ਵਿਚ ਨੌਕਰੀ ਤੇ ਲੱਗ ਗਈ, ਮਾਵਾਂ-ਧੀਆਂ ਨੂੰ ਪਤਾ ਹੀ ਨਾ ਲੱਗਾ।

ਅੱਜ ਰੱਜੀ ਨੂੰ ਕੋਮਲ ਵਾਸਤੇ ਨੇੜਲੇ ਪਿੰਡ ਦੇ ਰੱਜੇ-ਪੁੱਜੇ ਪਰਿਵਾਰ “ਲਾਹੌਰੀਏ’ ਅੱਲ ਵਾਲਿਆਂ ਦੇ ਛੋਟੇ ਮੁੰਡੇ ਦਾ ਰਿਸ਼ਤਾ ਆਇਆ ਸੀ ਲਾਹੌਰੀਏ ਕੋਮਲ ਦੇ ਸੁਹੱਪਣ



ਅਤੇ ਪੜਾਈ ਦੇ ਘਾਇਲ ਸਨ ਉਹ ਇਹ ਰਿਸ਼ਤਾ ਕਿਸੇ ਕੀਮਤ ‘ਤੇ ਨਹੀਂ ਛੱਡਣਾ ਚਾਹੁੰਦੇ ਸਨ। ਰੱਜੀ ਨੇ ਇਸ ਮਾਮਲੇ ਵਿਚ ਕੋਮਲ ਦੀ ਸਲਾਹ ਲੈ ਕੇ ਦੱਸਣ ਦਾ ਕਹਿ ਕੇ ਵਿਚੋਲਾ ਬਣੇ ਆਪਣੇ ਸ਼ਰੀਕੇ ਚੋਂ ਲੱਗਦੇ ਜੇਠ ਨੂੰ ਅਟਕਾ ਦਿੱਤਾ।

ਓਧਰ ਕੋਮਲ ਸਰੀਫ਼ ਨਾਲ ਜ਼ਿੰਦਗੀ ਭਰ ਸਾਥ ਦੇਣ ਦਾ ਵਾਅਦਾ ਕਰ ਚੁੱਕੀ ਸੀ ਅਤੇ ਜਲਦੀ ਹੀ ਕੋਰਟ-ਮੈਰਿਜ ਕਰਕੇ ਆਪਣਾ ਇਕੱਠਾ ਟਵਿਸ਼ਨ ਸੈਂਟਰ ਖੋਲਣ ਦਾ ਪਲਾਟ ਤਿਆਰ ਕਰੀ ਬੈਠੀ ਸੀ। ਸਾਮ ਨੂੰ ਕੋਮਲ ਘਰ ਆਈ ਹੱਥ-ਨੂੰਹ ਧੋ ਜਦੋਂ ਮਾਂ ਕੋਲ ਬੈਠੀ ਤਾਂ ਮਾਂ ਕੁਝ ਚਿੰਤਤ ਜਿਹੀ ਲੱਗ ਰਹੀ ਸੀ। ਮਾਂ ਨੂੰ ਕਾਰਨ ਪੁੱਛਣ ਤੇ ਮਾਂ ਨੇ ਹਾੜਾ ਜਿਹਾ ਕੱਢ ਕੇ ਕਿਹਾ “ਕੋਮਲ ਪੁੱਤਰ ਇਕ ਗੱਲ ਕਹਿਣੀ ਸੀ ਤੈਨੂੰ, ਵੇਖੀਂ ਕਿਤੇ ਮੇਰੀ ਸਾਰੀ ਜ਼ਿੰਦਗੀ ਦੀ ਤਪੱਸਿਆ ਤੇ ਪਾਣੀ ਨਾ ਫੇਰ ਦੇਵੀ” “ਹਾਂ-ਹਾਂ ਮਾਂ ਦੱਸ ਕੀ ਗੱਲ ਏ?” “ਕੋਮਲ ਪੁੱਤਰ ਤੂੰ ਹੁਣ ਜਵਾਨ ਹੋ ਗਈ ਏਂ ਤੇ ਜਦੋਂ ਧੀ-ਪੁੱਤ ਜਵਾਨ ਹੋ ਜਾਵੇ ਤਾਂ ਮਾਪਿਆਂ ਦੀਆਂ ਰਾਤਾਂ ਦੀਆਂ ਨੀਂਦਰਾਂ ਉਂਝ ਜਾਂਦੀਆਂ ਨੇ, ਲੋਕ ਰਿਸ਼ਤੇ ਲੱਭਣ ਤੁਰ ਪੈਂਦੇ ਨੇ ਪਰ ਸਾਡੀ ਤਾਂ ਜਿਵੇਂ ਉਸ ਪ੍ਰਮਾਤਮਾਂ ਨੇ ਆਪ ਸੁਣ ਲਈ ਹੋਵੇ ਤੇਰੇ ਲਈ ਨੇੜਲੇ ਪਿੰਡ ਦੇ ਲਾਹੌਰੀਆਂ ਦੇ ਛੋਟੇ ਮੁੰਡੇ ਦਾ ਰਿਸ਼ਤਾ ਆਪ ਘਰ ਚੱਲ ਕੇ ਆਇਆ ਏ ਵੇਖੀਂ ਪੁੱਤਰ ਸਵਰਗਾਂ ਦੇ ਰਾਹ ‘ਤੋਂ ਪੈਰ ਨਾ ਪਰਤਾਵੀਂ, ਰਾਜ ਕਰੇਂਗੀ ਰਾਜ, ਕਹਿੰਦੇ ਕਹਾਉਂਦੇ ਸਰਦਾਰ ਨੇ ਲਾਹੌਰੀਏ। ਮਾਂ ਸ਼ਾਇਦ ਤੂੰ ਨਹੀਂ ਜਾਣਦੀ ਕਿ ਲਾਹੌਰੀਆਂ ਦਾ ਛੋਟਾ ਮੁੰਡਾ ਨਸ਼ੇ ਕਰਦਾ ਏ ਕਈ ਵਾਰ ਮੈਂ ਵੀ ਉਸਨੂੰ ਨਸ਼ੇ ਦੀ ਹਾਲਤ ਚ ਵੇਖਿਆ ਏ, ਨਾਲੇ ਮਾਂ ਮੈਂ ਤੈਨੂੰ ਦੱਸਣਾ ਹੀ ਚਾਹੁੰਦੀ ਸਾਂ ਕਿ ਮੈਂ ਤੇ ਮੇਰੇ ਨਾਲ ਪੜਦੇ ਮੁੰਡੇ ’ਸਰੀਫ਼ ਨਾਲ ਜ਼ਿੰਦਗੀ ਇਕੱਠੇ ਬਿਤਾਉਣ ਦਾ ਵਾਇਦਾ ਦੇ ਬੈਠੀ ਹਾਂ।” “ਕੋਮਲ ਪੁੱਤਰ ਤੇਰੀ ਮੱਤ ਤਾਂ ਨਹੀਂ ਮਾਰੀ ਗਈ, ਉਹ ਇਸਾਈਆਂ ਦਾ ਮੁੰਡਾ ਅਸੀਂ ਪੁੱਤ ਜੱਟ ਹੁੰਦੇ ਆਂ, ਰੱਜੀ ਅੰਦਰ ਜੱਟਵਾਦ ਦੀ ਚਿਣਗ ਜਿਹੀ ਉੱਠੀ, ਵੇਖੀਂ ਪੁੱਤ ਹਾਅ ਨਾ ਕੰਮ ਕਰੀਂ, ਮੈਂ ਜੀਂਦੀ ਮਰ ਜਾਵਾਂਗੀ, ਮੇਰੀ ਸਾਰੀ ਜ਼ਿੰਦਗੀ ਦੀ ਕੀਤੀ ਘਾਲਣਾ ਮਿੱਟੀ ਚ ਨਾ ਮਿਲਾਵੀਂ, ਮੈਂ ਤੇਰੇ ਪੈਰੀਂ ਆਪਣੀ ਚੁੰਨੀ ਧਰਦੀ ਆਂ’।’ ਮਾਂ ਦੇ ਹਾੜੇ ਵੇਖ ਕੌਮਲ ਨੇ ਆਪਣੀ ਮਾਂ ਦੀ ਚੁੰਨੀ ਚੁੱਕੀ ਤੇ ਮਾਂ ਦੇ ਸਿਰ ਤੇ ਸਜਾ ਦਿੱਤੀ। ਜਾਹ ਮਾਂ ਮੇਰੇ ਵੱਲੋਂ ਹਾਂ ਏ, ਮੈਂ ਤੇਰੀਆਂ ਅੱਖਾਂ ਵਿਚ ਹੰਝੂ ਨਹੀਂ ਵੇਖ ਸਕਦੀ, ਮੈਂ ਆਪ ਭਾਵੇਂ ਸਾਰੀ ਜ਼ਿੰਦਗੀ ਰੋ-ਰੋ ਕੇ ਗੁਜ਼ਾਰ ਲਵਾਂ ਜੋ ਮਾਲਕ ਮੇਰੇ ਨਾਲ ਕਰੇਗਾ ਮੈਂ ਸਹਿ ਲਵਾਂਗੀ।”

ਰੱਜੀ ਦਿਨ ਚੜਦੇ ਸਾਰ ਆਪਣੇ ਜੇਠ ਦੇ ਘਰ ਜਾ ਪਹੁੰਚੀ ਤੇ ਰਿਸ਼ਤੇ ਦੀ ਗੱਲ ਅਗਾਂਹ ਤੋਰਨ ਲਈ ਕਹਿ ਆਈ ਕੁਝ ਦਿਨਾਂ ਚ ਹੀ ਵਿਆਹ ਪੱਕਾ ਹੋ ਗਿਆ ਗੁਰੂ-ਮਹਾਰਾਜ ਦੀ ਹਜ਼ੂਰੀ ’ਚ ਚੁੰਨੀ ਚੜਾਅ ਹੋਇਆ, ਲਾਹੌਰੀਆਂ ਨੇ ਵਿਆਹ ਮਗਰੋਂ ਬੜੀ ਵੱਡੀ ਪਾਰਟੀ ਕੀਤੀ ਇਲਾਕੇ ਵਿਚ ਧੁੰਮ ਪੈ ਗਈ ਕਿ ਇਕ ਗਰੀਬ ਘਰ ਦੀ ਕੁੜੀ ਸਿਰਫ ਪੜਾਈ ਦੇ ਸਿਰ ਤੇ ਲਾਹੌਰੀਆਂ ਦੀ ਨੂੰਹ ਬਣ ਗਈ ਏ।

ਅੱਜ ਕੋਮਲ ਦੀ ਜ਼ਿੰਦਗੀ ਦਾ ਦੂਸਰਾ ਪੜਾਅ ਸੁਰੂ ਹੋਣ ਜਾ ਰਿਹਾ ਸੀ। ਪ੍ਰਿੰਸ ਵੀ ਕੋਮਲ ਨੂੰ ਪਾ ਕੇ ਆਪਣੇ -ਆਪ ਨੂੰ ਨਸ਼ੀਬ ਵਾਲਾ ਮਹਿਸੂਸ ਕਰ ਰਿਹਾ ਸੀ, ਪਰ ਅਮੀਰਜ਼ਾਦਿਆਂ ਦੇ ਮੁੰਡਿਆਂ ਦੇ ਨਾਲ ਪਾਏ ਜਰਾਨਿਆਂ ਨੇ ਕਦੋਂ ਉਸਨੂੰ ਸਮੈਕ ਦਾ

ਆਦੀ ਬਣਾ ਦਿੱਤਾ ਸੀ ਇਹ ਉਸਨੂੰ ਵੀ ਨਹੀਂ ਪਤਾ ਲੱਗ ਸਕਿਆ ਪਰ ਹੁਣ ਉਹ ਸਮੈਕ ਤੋਂ ਬਿਨਾਂ ਨਹੀਂ ਰਹਿ ਸਕਦਾ ਸੀ । ਬੇ-ਸ਼ੱਕ ਉਹ ਕੋਮਲ ਨੂੰ ਪਾ ਕੇ ਸਮੈਕ ਛੱਡਣਾ ਵੀ ਚਾਹੁੰਦਾ ਸੀ। ਰਾਤ ਬੇ-ਸੁਰਤਾਂ ਵਾਂਗ ਗੁਜਾਰ ਜਦੋਂ ਸਵੇਰ- ਸਾਰ ਪ੍ਰਿੰਸ ਨੂੰ ਕੋਮਲ ਨੇ ਬਾਥਰੂਮ ਵਿਚ ਆਪਣੇ ਅੱਖੀਂ ਸਮੈਕ ਦੀ ਡੋਜ ਲੈਂਦੇ ਵੇਖਿਆ ਤਾਂ ਕੋਮਲ ਤਾਂ ਜਿਵੇਂ ਥਾਂ ਹੀ ਮਰ ਗਈ ਹੋਵੇ ਪਰ ਮਾਂ ਤੋਂ ਸਿੱਦਕ ਦਾ ਪਾਠ ਪੜੀ ਕੋਮਲ ਨੇ ਕਿਸੇ ਨੂੰ ਦੁੱਖ ਨਾ ਦੱਸਿਆ ਅਖੀਰ ਇਕ ਦਿਨ ਪ੍ਰਿੰਸ ਜਿਆਦਾ ਤੇਜ ਡੋਜ਼ ਲੈਣ ਕਰਕੇ ਬੇ-ਹੋਸ਼ ਹੋ ਗਿਆ, ਜਿਸਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਕਿ ਕੁਝ ਸਮੇਂ ਬਾਅਦ ਉਸਦੀ ਮੌਤ ਹੋ ਗਈ । ਕੋਮਲ ਦੀਆਂ ਅੱਖਾਂ ਜਿਵੇਂ ਪੱਥਰ ਹੋ ਗਈਆਂ ਹੋਣ ਤੇ ਇਕ ਵੀ ਅੱਥਰੂ ਨਾ ਵਗਿਆ। ਰੱਜੀ ਕੌਮਲ ਨੂੰ ਉਸਦੇ ਸਹੁਰਿਆਂ ਦੀ ਇਜਾਜਤ ਲੈ ਆਪਣੇ ਘਰ ਲੈ ਗਈ। ਇਸ ਸਾਰੇ ਵਾਕਿਆ ਦੀ ਖ਼ਬਰ ਸਰੀਫ਼ ਨੂੰ ਵੀ ਲੱਗ ਰਹੀ ਸੀ ਉਹ ਇਕ ਦਿਨ ਜਜ਼ਬਾਤੀ ਹੋਇਆ ਕੋਮਲ ਨੂੰ ਮਿਲਣ ਉਸਦੇ ਘਰ ਆ ਗਿਆ ਕੋਮਲ ਸਰੀਫ਼ ਨੂੰ ਵੇਖ ਇੰਝ ਹੋਈ ਜਿਵੇਂ ਉਸਨੂੰ ਕੋਈ ਜਨਮ ਤੋਂ ਵਿਛੜਿਆ ਮਿਲਿਆ ਹੋਵੇ। ਰੱਜੀ ਸਾਰਾ ਕੁਝ ਵੇਖ ਆਪਣੇ ਆਪ ਤੇ ਕਾਬੂ ਨਾ ਰੱਖ ਸਕੀ ਤੇ ਸਰੀਫ਼ ਨੂੰ ਇਹ ਕਹਿ ਦਿੱਤਾ ਕਿ ਕੀ ਤੂੰ ਕੋਮਲ ਨੂੰ ਹੁਣ ਵੀ ਅਪਣਾ ਸਕਦਾ ਏਂ ? "ਆਂਟੀ ਜੀ ਹੁਣ ਦਾ ਕੀ ਮਤਲਬ ਮੈਂ ਤੇ ਕੋਮਲ ਨੂੰ ਸਦਾ ਵਾਸਤੇ ਅਪਣਾਇਆ ਹੋਇਆ ਏ ਤੋਂ ਏਸੇ ਕਰਕੇ ਮੈਂ ਸਾਰੀ ਜ਼ਿੰਦਗੀ ਕਿਸੇ ਹੋਰ ਨਾਲ ਵਿਆਹ ਨਾ ਕਰਵਾਉਂਣ ਦਾ ਫੈਸਲਾ ਲਈ ਬੈਠਾ ਹਾਂ।" "ਪੁੱਤਰ ਫਿਰ ਆਪਣੇ ਘਰਦਿਆਂ ਨਾਲ ਮੇਰੀ ਧੀ ਨਾਲ ਵਿਆਹ ਕਰਾਉਣ ਦੀ ਗੱਲ ਕਰ ਤੇ ਮੇਰੇ ਕੀਤੇ ਹੋਏ ਗੁਨਾਹ ਨੂੰ ਬਖ਼ਸਾਉਣ ਦਾ ਮੌਕਾ ਦੇ ਦੇ। " "ਆਂਟੀ ਜੀ ਤੁਸੀਂ ਕੋਮਲ ਦੇ ਸਹੁਰਿਆਂ ਦੀ ਵੀ ਇਜ਼ਾਜਤ ਲੈ ਲਵੋ ਓਹ ਬਹੁਤ ਵੱਡਾ ਇਤਰਾਜ਼ ਕਰਨਗੇ । "

ਰੱਜੀ ਨੇ ਤੁਰੰਤ ਕੋਮਲ ਦੇ ਸਹੁਰਿਆਂ ਦੇ ਜਾ ਕੇ ਇਸ ਬਾਬਤ ਗੱਲ ਕੀਤੀ ਤਾਂ ਕੋਮਲ ਦੇ ਸਹੁਰੇ ਉਨਾਂ ਦੀ ਵਜਹਾ ਕਰਕੇ ਕੋਮਲ ਦੀ ਬਰਬਾਦ ਹੋਈ ਜ਼ਿੰਦਗੀ ਨੂੰ ਆਬਾਦ ਹੋਈ ਵੇਖਣਾ ਤਾਂ ਚਾਹੁੰਦੇ ਸਨ ਪਰ ਉਹਨਾਂ ਨੇ ਰੱਜੀ ਅੱਗੇ ਸ਼ਰਤ ਇਹ ਰੱਖੀ ਕਿ ਕੋਮਲ ਦੀ ਡੋਲੀ ਰੱਜੀ ਦੇ ਘਰੋਂ ਨਹੀਂ ਬਲਕਿ ਲਾਹੌਰੀਆਂ ਦੇ ਘਰੋਂ ਵਿਦਾ ਹੋਵੇਗੀ।

ਅੱਜ ਲਾਹੌਰੀਆਂ ਦਾ ਸਾਰਾ ਘਰ ਜਗਮਗਾ ਰਿਹਾ ਸੀ ਸਰੀਫ਼ ਘੋੜੀ ਤੇ ਬੈਠਾ ਕਿਸੇ ਰਾਜ ਕੁਮਾਰ ਤੋਂ ਘੱਟ ਨਹੀਂ ਲੱਗ ਰਿਹਾ ਸੀ ਲਾਹੌਰੀਏ ਆਪਣੇ ਪੁੱਤਰ ਦੀ ਮੌਤ ਨੂੰ ਭੁਲਾ ਕੋਮਲ ਦੇ ਵਿਆਹ ਦੀਆਂ ਖੁਸ਼ੀਆਂ ਮਨਾ ਰਹੇ ਸਨ, ਰੱਜੀ ਜਿਵੇਂ ਆਪਣੇ ਕੀਤੇ ਹੋਏ ਗੁਨਾਹ ਨੂੰ ਬਖ਼ਸਾਅ ਰਹੀ ਹੋਵੇ ਤੇ ਸਾਰਾ ਇਲਾਕਾ ਜਿਵੇਂ ਰੱਜੀ, ਕੋਮਲ,ਸਰੀਫ਼ ਤੇ ਲਾਹੌਰੀਆਂ ਦੇ "ਵਡੱਪਣ' ਦੀ ਦਾਦ ਦੇ ਰਿਹਾ ਹੋਵੇ।

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ**
**ਮੋਬਾਇਲ--9988811681**

◆◆◆



# ਅਸ਼ੀਰਵਾਦ

*ਭੁਪਿੰਦਰ ਉਸਤਾਦ*

"ਬਾਪੂ ਹੁਰਾਂ ਦਾ ਦੋ ਹਫ਼ਤੇ ਪਹਿਲਾਂ 80ਵਾਂ ਜਨਮ ਦਿਨ ਮਨਾਇਆ ਗਿਆ ਸੀ। ਬੇਸ਼ਕ ਉਹ ਉੱਠਣ ਬੈਠਣ ਤੋਂ ਲਾਚਾਰ ਹਨ। ਕੱਲ੍ਹ ਹੀ ਉਹਨਾਂ ਨੂੰ ਹਸਪਤਾਲ ਲਿਆਂਦਾ ਗਿਆ ਹੈ। ਉਹ ਦਿਲ ਦੇ ਮਰੀਜ਼ ਹਨ। ਡਾਕਟਰਾਂ ਨੇ ਉਹਨਾਂ ਨੂੰ ਸਟੈਂਟ ਪਾਉਣ ਲਈ ਕਿਹਾ ਹੈ। ਮੇਰੇ ਕੋਲ ਐਨੇ ਪੈਸੇ ਹੈ ਨਹੀਂ, ਮੈਨੂੰ ਸਮਝ ਨਹੀਂ ਪੈਂਦੀ ਕਿ ਮੈਂ ਕੀ ਕਰਾਂ, ਕਿਥੋਂ ਜਲਦੀ ਨਾਲ ਪੈਸੇ ਦਾ ਪ੍ਰਬੰਧ ਕਰਕੇ ਬਾਪੂ ਹੁਰਾਂ ਦੇ ਸਟੈਂਟ ਪੁਆ ਸਕਾਂ। ਅਜੇ ਛੇ ਮਹੀਨੇ ਪਹਿਲਾਂ 10 ਲੱਖ ਰੁ: ਕਰਜ਼ਾ ਲੈ ਕੇ ਵੱਡੇ ਮੁੰਡੇ ਸੰਜੀਵ ਨੂੰ ਕਨੇਡਾ ਘੋਲਿਆ ਹੈ। ਉਸ ਨੂੰ ਰਾਤੀ ਫੋਨ ਉੱਤੇ ਸਾਰੀ ਗੱਲ ਦੱਸੀ ਸੀ ਤੇ ਕਿਹਾ ਸੀ ਕਿ ਕਿਵੇਂ ਵੀ ਮੈਨੂੰ ਥੋੜ੍ਹੇ ਪੈਸੇ ਭੇਜ। ਪਰ ਉਸ ਨੇ ਆਪਣੀਆਂ ਲੋੜਾਂ ਦੀ ਲਿਸਟ ਮੁੰਡੇ ਅੱਗੇ ਰੱਖ ਦਿੱਤੀ।

"ਪਾਪਾ ਮੈਂ ਮਜ਼ਬੂਰ ਹਾਂ ਮੈਂ ਅਜੇ ਤੁਹਾਨੂੰ ਕੁਝ ਨਹੀਂ ਦੇ ਸਕਦਾ। ਮੈਨੂੰ ਇੱਕ ਆਉਣ ਜਾਣ ਦੀ ਤਕਲੀਫ਼ ਸੀ ਮੈਂ ਕਿਸਤਾਂ ਉੱਤੇ ਗੱਡੀ ਲੈ ਲਈ ਹੈ। ਘਰ ਦਾ ਕਿਰਾਇਆ ਵੀ ਮਹੀਨੇ ਦੇ ਮਹੀਨੇ ਐਡਵਾਂਸ ਦੇਣਾ ਪੈਂਦਾ ਹੈ। ਅੱਧੀ ਤੋਂ ਜ਼ਿਆਦਾ ਤਨਖਾਹ ਤਾਂ ਏਸੇ ਵਿਚ ਲੱਗ ਜਾਂਦੀ ਹੈ। ਰੋਟੀ ਦਾ ਖਰਚਾ ਵੀ ਬਹੁਤ ਹੈ। ਦੱਸੋ ਮੈਂ ਤੁਹਾਨੂੰ ਕਿਸ ਤਰ੍ਹਾਂ ਪੈਸੇ ਭੇਜ ਸਕਦਾ ਹਾਂ।" ਪੁੱਤਰ ਵਲੋਂ ਕੋਰਾ ਜੁਆਬ ਸੀ।

"ਕਾਕਾ ਤੈਨੂੰ ਪਤਾ ਹੈ ਮੈਂ ਘਰ ਗਿਰਵੀ ਰੱਖ ਕੇ 10 ਲੱਖ ਰੁਪਿਆ ਲਿਆ ਸੀ, ਜਿਸ ਨਾਲ ਤੂੰ ਕਨੇਡਾ ਜਾ ਸਕਿਆ। ਉਸ ਦੇ ਵਿਆਜ ਦੀ ਤਲਵਾਰ ਮੇਰੇ ਸਿਰ ਉੱਤੇ ਲਟਕ ਗਈ ਹੈ। ਹੁਣ ਇਕ ਤਾਂ ਬਾਪੂ ਜੀ ਦਾ ਇਲਾਜ਼ ਜ਼ਰੂਰੀ ਹੈ ਜਿਸ ਵਾਸਤੇ ਦੋ-ਢਾਈ ਲੱਖ ਰੁਪਿਆ ਚਾਹੀਦਾ ਸੀ। ਹੁਣ ਤਾਂ ਸਨੀ ਵੀ ਮੇਰੇ ਗਲ 'ਚ ਗੂਠਾ ਦੇਣ ਲੱਗਾ ਹੈ ਕਿ ਮੈਂ ਉਸ ਨੂੰ ਵੀ ਇੰਜੀਨਿਅਰਿੰਗ ਦੇ ਦਾਖਲੇ ਲਈ ਪੰਜ ਲੱਖ ਰੁਪਿਆ ਦਿਆਂ।" ਮੈਂ ਬੇਬਸੀ 'ਚ ਕਿਹਾ

"ਪਾਪਾ ਸੌਰੀ ਮੈਂ ਬਹੁਤ ਮਜਬੂਰ ਹਾਂ, ਮੈਂ ਅਜੇ ਕੁਝ ਨਹੀਂ ਕਰ ਸਕਦਾ ਤੁਸੀਂ ਹੈਥੋਂ ਹੀ ਕੋਈ ਪ੍ਰਬੰਧ ਕਰ ਲਉ।" ਤੇ ਨਾਲ ਹੀ ਉਸਨੇ ਫੋਨ ਕੱਟ ਦਿੱਤਾ। "ਮੈਂ ਤਾਂ ਰੋਣ ਹਾਕਾ ਹੋਈ ਬੈਠਾ ਸੀ। ਕੀ ਕਰਾਂ, ਕੀ ਨਾ ਕਰਾਂ, ਮੇਰੇ ਕੁਝ ਸਮਝ 'ਚ ਨਹੀਂ ਸੀ ਆ ਰਿਹਾ।

"ਸੰਜੀਵ ਨੇ ਜਦੋਂ ਕਨੇਡਾ ਜਾਣ ਦਾ ਪ੍ਰੋਗਰਾਮ ਬਣਾਇਆ ਸੀ ਤਾਂ ਕਹਿੰਦਾ ਸੀ " "ਪਾਪਾ ਤੁਸੀਂ ਮੇਰੇ ਜਾਣ ਦਾ ਪ੍ਰਬੰਧ ਕਰ ਦਿਉ। ਮੈਂ ਜਾਂਦਿਆਂ ਹੀ ਕੰਮ ਉੱਤੇ ਲੱਗ ਕੇ ਤੁਹਾਨੂੰ ਪੈਸੇ ਭੇਜ ਦਿਆਂਗਾ। ਮੈਂ ਉਸ ਦੇ ਆਖੇ ਲੱਗ ਕੇ ਘਰ ਗਿਰਵੀ ਰੱਖ ਕੇ ਉਸ ਦੇ ਕਨੇਡਾ ਜਾਣ ਦਾ ਪ੍ਰਬੰਧ ਕਰ ਦਿੱਤਾ, ਪਰ ਉਹ ਹੁਣ ਮੇਰੀ ਤਕਲੀਫ ਨੂੰ ਮਹਿਸੂਸ ਹੀ ਨਹੀਂ ਕਰ ਰਿਹਾ।"

"ਪਾਪਾ ਤੁਸੀਂ ਸੰਜੀਵ ਨੂੰ ਤਾਂ ਹੱਸ ਕੇ ਦੇ ਦਿੱਤੇ 10 ਲੱਖ, ਮੇਰੀ ਵਾਰੀ ਕਿਉਂ ਪਿੱਛੇ ਹਟ ਰਹੇ ਹੋ? ਕੀ ਮੈਂ ਤੁਹਾਡਾ ਪੁੱਤ ਨਹੀਂ ? ਤੁਹਾਨੂੰ ਵੱਡੇ ਨਾਲ ਜ਼ਿਆਦਾ ਹੇਜ ਸੀ ? ਉਸ ਲਈ ਤੁਸੀਂ ਕਰਜ਼ਾ ਲੈਣ ਨੂੰ ਇਕ ਵਾਰ ਨਹੀਂ ਸੋਚਿਆ, ਝਟ ਕਰਜ਼ਾ ਲੈ ਕੇ ਉਸ ਨੂੰ ਕਨੇਡਾ ਤੋਰ ਦਿੱਤਾ। ਮੇਰੀ ਵਾਰੀ ਤੁਸੀਂ ਬਹਾਨੇ ਬਣਾ ਰਹੇ ਹੋ? ਤੁਸੀਂ ਮੇਰਾ ਕੁਝ ਬਣਾਉਣਾ ਹੀ ਨਹੀਂ

ਚਾਹੁੰਦੇ।" ਸਨੀ ਪੂਰੇ ਗੁੱਸੇ ਵਿਚ ਸੀ।

"ਸਨੀ ਤੂੰ ਬੱਚਾ ਤਾਂ ਹੈ ਨਹੀਂ ਜਾਂ ਤੈਨੂੰ ਘਰ ਦੇ ਹਾਲਾਤ ਦਾ ਨਹੀਂ ਪਤਾ, ਤੇਰੇ ਦਾਦਾ ਜੀ ਨੂੰ ਕਦੇ ਵੀ ਕੁਝ ਹੋ ਸਕਦਾ ਹੈ। ਉਹਨਾਂ ਲਈ ਤਾਂ ਮੇਰੇ ਕੋਲੋਂ ਅਜੇ ਤੱਕ ਦੋ-ਢਾਈ ਲੱਖ ਦਾ ਇੰਤਜ਼ਾਮ ਹੋ ਨਹੀਂ ਸਕਿਆ। ਤੇਰੇ ਲਈ ਪੰਜ-ਛੇ ਲੱਖ ਦਾ ਇੰਤਜ਼ਾਮ ਮੈਂ ਕਿੱਥੋਂ ਕਰਾਂ ਤੂੰ ਹੀ ਦੱਸ ਸ਼ਰਮਾ ਜੀ ਨੇ ਸੰਨੀ ਵਲ ਦੇਖਦਿਆਂ ਪੁੱਛਿਆ।

"ਪਿਤਾ ਜੀ ਤੁਹਾਨੂੰ ਦਾਦਾ ਜੀ ਦਾ ਬਹੁਤ ਫ਼ਿਕਰ ਹੈ। ਉਹਨਾਂ ਆਪਣੀ ਉਮਰ ਆਪਣੀ ਮਰਜ਼ੀ ਨਾਲ ਹੰਢਾ ਲਈ ਹੈ। ਉਹਨਾਂ ਦੇ ਜਾਣ ਦਾ ਵੇਲਾ ਹੋ ਗਿਆ, ਉਨ੍ਹਾਂ ਲਈ ਏਨਾ ਫ਼ਿਕਰ ਕਾਹਦੇ ਲਈ। ਹੁਣ ਉਹ ਤੁਰ ਵੀ ਜਾਣ ਤਾਂ ਕੀ ਫ਼ਰਕ ਪੈਂਦਾ ਹੈ?"

"ਸਨੀ ? ਤੈਨੂੰ ਪਤਾ ਤੂੰ ਕੀ ਕਹਿ ਰਿਹਾਂ। ਤੈਨੂੰ ਸ਼ਰਮ ਆਉਣੀ ਚਾਹੀਦੀ ਹੈ, ਇਹ ਸੋਚਦਿਆਂ। ਵੱਡਿਆਂ ਲਈ ਇਸ ਤਰ੍ਹਾਂ ਸੋਚੀਦਾ ?" "ਜਦ ਵੱਡੇ ਛੋਟਿਆਂ ਦੇ ਰਾਹ ਵਿਚ ਰੋੜੇ ਬਣਨ ਤਾਂ ਅਸੀਂ ਠੇਕਾ ਲਿਆ ਉਹਨਾਂ ਬਾਰੇ ਸੋਚਣ ਦਾ।"

"ਸਨੀ ਤੂੰ ਬਹੁਤ ਬਦਤਮੀਜ਼ ਹੋ ਗਿਆਂ, ਜਾਹ ਦਫ਼ਾ ਹੋ ਜਾ ਕਿਤੇ। ਉਹ ਮੇਰੇ ਪਿਤਾ ਹਨ ਉਹਨਾਂ ਦੀ ਸੇਵਾ ਕਰਨਾ ਤੇ ਉਹਨਾਂ ਦੀ ਤਕਲੀਫ਼ ਦਾ ਇਲਾਜ਼ ਕਰਨਾ ਮੇਰਾ ਫਰਜ਼ ਹੈ। ਇਹੋ ਤਾਂ ਫ਼ਰਕ ਹੈ ਤੁਹਾਡੀ ਤੇ ਸਾਡੀ ਸੋਚ ਵਿਚ। ਅੱਜ ਦੀ ਔਲਾਦ ਨੂੰ ਸਿਰਫ ਆਪਣੀਆਂ ਲੋੜਾਂ ਦਿਸਦੀਆਂ ਹਨ, ਮਾਂ-ਬਾਪ ਦੀਆਂ ਮਜਬੂਰੀਆਂ ਤੁਹਾਨੂੰ ਨਹੀਂ ਦਿਸਦੀਆਂ।"

"ਕਰੀ ਜਾਉ ਫਿਰ ਤੁਸੀਂ ਆਪਣੇ ਮਾਂ-ਬਾਪ ਦੀ ਸੇਵਾ, ਮੈਂ ਚੱਲਿਆਂ।" ਉਹ ਬਾਹਰ ਨੂੰ ਤੁਰ ਪਿਆ।

"ਰੋਕੋ ਮੁੰਡੇ ਨੂੰ, ਕਿੱਥੇ ਚੱਲਿਆ ਉਹ ? ਤੁਸੀਂ ਕਿਸ ਗੱਲੋਂ ਮੁੰਡੇ ਨੂੰ ਝਿੜਕ ਦਿੱਤਾ, ਮੁੰਡੇ ਨੇ ਕੁਝ ਗਲਤ ਕਹਿ ਦਿੱਤਾ। ਇਸ ਦੀ ਤਾਂ ਸਾਰੀ ਉਮਰ ਪਈ ਹੈ। ਸਾਲ ਤਾਂ ਹੋ ਗਿਆ ਟੱਕਰਾਂ ਮਾਰਦੇ ਨੂੰ, ਨਹੀਂ ਕਿਤੇ ਕੁਝ ਬਣਿਆ ਤਾਂ ਹੀ ਉਸ ਨੇ ਤੁਹਾਨੂੰ ਕਿਹਾ। ਤੁਸੀਂ ਨਾਂਹ ਕਰ ਦਿੱਤੀ, ਜੇ ਉਹ ਕਿਤੇ ਗਲਤ ਰਸਤੇ ਪੈ ਗਿਆ, ਤੁਹਾਡੇ ਇਸ ਤਰਾਂ ਝਿੜਕਣ ਨਾਲ, ਫਿਰ ਤੁਸੀਂ ਕੀ ਕਰੋਗੇ। ਸਾਡਾ ਤਾਂ ਪੂਰਾ ਭਵਿੱਖ ਹੀ ਹਨੇਰਾ ਹੋ ਜਾਵੇਗਾ।"

"ਕਿਹੜੇ ਭਵਿੱਖ ਦੀ ਗਲ ਕਰਦੀ ਹੈ ਭਾਗਵਾਨੇ। ਸਾਡਾ ਭਵਿੱਖ ਤਾਂ ਹੁਣੇ ਕਰਜ਼ੇ ਹੇਠਾਂ ਦੱਬਿਆ ਗਿਆ। ਹੁਣ ਹੋਰ ਪੰਜ-ਛੇ ਲੱਖ ਇਸ ਨੂੰ ਕਿੱਥੋਂ ਲਿਆ ਕੇ ਦੇਵਾਂ ਦੋ-ਢਾਈ ਲੱਖ ਰੁਪਏ ਡਾਕਟਰ ਮੰਗਦਾ ਬਾਪੂ ਜੀ ਦੇ ਸਟੈਂਟ ਪਾਉਣ ਲਈ। ਇਹ ਸਾਰਾ ਪੈਸਾ ਜਲਦੀ ਤੋਂ ਜਲਦੀ ਚਾਹੀਦਾ।" ਸ਼ਰਮਾ ਜੀ ਸੋਚਾਂ 'ਚ ਡੁੱਬੇ ਪਏ ਸਨ।

"ਫਿਰ ਉਹੀ ਗੱਲ, ਤੁਹਾਨੂੰ ਬਾਪੂ ਹੁਰਾਂ ਦੀ ਬਹੁਤ ਚਿੰਤਾ ਖਾ ਰਹੀ ਹੈ। ਕੀ ਗਰੰਟੀ ਹੈ ਕਿ ਬਾਪੂ ਜੀ ਸਟੈਂਟ ਪੁਆ ਕੇ ਵੀ ਸਹੀ ਸਲਾਮਤ ਰਹਿਣਗੇ। ਅੱਸੀ ਬਹਾਰਾਂ ਤਾਂ ਉਹਨਾਂ ਦੇਖ ਲਈਆਂ ਹੋਰ ਉਹਨਾਂ ਕੀ ਦੇਖਣਾ ਤੇ ਕੀ ਕਰਨਾ, ਹਿਲ ਤਾਂ ਉਹ ਸਕਦੇ ਨਹੀਂ, ਮਮਤਾ ਦਾ ਲਹਿਜਾ ਵੀ ਗਰਮ ਸੀ।

"ਦੇਖ ਮਮਤਾ ਰਾਣੀ, ਜਿੰਦਗੀ ਤੇ ਮੌਤ ਤਾਂ ਪਰਮਾਤਮਾ ਦੇ ਵੱਸ ਹੈ, ਅਸੀਂ ਤਾਂ ਸਿਰਫ਼ ਉਪਾਅ ਹੀ ਕਰ ਸਕਦੇ ਹਾਂ। ਮੈਂ ਆਪਣੇ ਪਿਤਾ ਦਾ ਖ਼ੂਨ ਹਾਂ, ਆਪਣੇ ਕਰਤੱਵ ਤੋਂ ਪਿੱਛੇ ਨਹੀਂ ਹਟਣਾ ਚਾਹੁੰਦਾ, ਪਰ ਮਜਬੂਰੀ ਨੇ ਹਰ ਪਾਸਿਉਂ ਮੇਰੇ ਹੱਥ ਬੰਨ੍ਹ ਦਿੱਤੇ ਹਨ।



ਹੁਣ ਤਾਂ ਮੇਰੇ ਕੋਲ ਗਹਿਣੇ ਰੱਖਣ ਨੂੰ ਵੀ ਕੁਝ ਨਹੀਂ ਬਚਿਆ। ਜੇ ਮੈਂ ਆਪਣੇ ਬਾਪੂ ਲਈ ਕੁਝ ਨਾ ਕਰ ਸਕਿਆ ਤਾਂ ਸਾਰੀ ਉਮਰ ਆਪਣੇ ਆਪ ਨੂੰ ਦੋਸ਼ੀ ਸਮਝਦਾ ਰਹਾਂਗਾ। ਆਪਣੇ ਆਪ ਨੂੰ ਮੁਆਫ਼ ਨਹੀਂ ਕਰ ਸਕਾਂਗਾ। ਸ਼ਰਮਾ ਜੀ ਨੇ ਮਮਤਾ ਵੱਲ ਦੇਖਦਿਆਂ ਕਿਹਾ।

"ਜੇ ਮੁੰਡੇ ਨੇ ਤੁਹਾਡੇ ਸਿਰ ਚੜ੍ਹਕੇ ਕੁਝ ਗਲਤ ਕਰ ਲਿਆ ਤਾਂ ਕੀ ਤੁਸੀਂ ਆਪਣੇ ਆਪ ਨੂੰ ਮੁਆਫ਼ ਕਰ ਸਕੋਗੇ ? ਤਾਂ ਕੀ ਤੁਸੀਂ ਆਪਣੇ ਆਪ ਨੂੰ ਦੋਸ਼ੀ ਨਹੀਂ ਮੰਨੋਗੇ। ਅੱਜ ਕੱਲ੍ਹ ਦੇ ਬੱਚੇ ਤਾਂ ਆਪਣੀ ਹੀ ਧੁਨ ਵਿੱਚ ਰਹਿੰਦੇ ਹਨ ਤੇ ਕੁਝ ਵੀ ਕਰਨ ਲੱਗਿਆਂ ਰਤਾ ਵੀ ਨਹੀਂ ਸੋਚਦੇ ਕਿ ਉਹਨਾਂ ਦੇ ਗਲਤ ਕਦਮ ਦਾ ਮਾਪਿਆਂ ਉੱਤੇ ਕੀ ਅਸਰ ਹੋਏਗਾ। ਉਹਨਾਂ ਨੂੰ ਮਾਪਿਆਂ ਦੀ ਮਜਬੂਰੀ ਦਾ ਰਤੀ ਭਰ ਵੀ ਫਿਕਰ ਨਹੀਂ ਹੁੰਦਾ।"ਮਮਤਾ ਵੀ ਲਾਚਾਰ ਹੋਈ ਪਈ ਸੀ। ਉਸਨੂੰ ਵੀ ਕੋਈ ਸਿਰਾ ਨਹੀਂ ਸੀ ਲੱਭ ਰਿਹਾ।

"ਮਮਤਾ ਤੂੰ ਹੀ ਦੱਸ ਫਿਰ ਮੈਂ ਕੀ ਕਰਾਂ ? ਕਿੱਥੇ ਫਾਹਾ ਲੈ ਲਵਾਂ?" ਸ਼ਰਮਾ ਜੀ ਨੇ ਫਿਰ ਮਮਤਾ ਵੱਲ ਦੇਖਿਆ।

"ਸੇਠ ਦੀਨ ਦਿਆਲ ਤੋਂ ਫੜ ਲਉ ਦੱਸ ਲੱਖ ਵਿਆਜ਼ ਉੱਤੇ। ਸਾਰੇ ਕੰਮ ਹੋ ਜਾਣਗੇ। ਉਤਰ ਜਾਣਗੇ ਹੌਲੀ-ਹੌਲੀ।" ਮਮਤਾ ਨੇ ਕੁਝ ਸੋਚਦਿਆਂ ਗੱਲ ਕੀਤੀ। ਉਸ ਨੇ ਵੀ ਕਿਹੜੇ ਐਂਵੇ ਦੇ ਦੇਣੇ ਨੇ ਦੱਸ ਲੱਖ। ਉਸ ਨੇ ਵੀ ਕਹਿਣਾ ਰੱਖ।

ਦਿਉ ਕੁਝ ਗਹਿਣੇ, ਤਾਂ ਕੀ ਰਖਾਂਗਾ ਉਸ ਕੋਲ ? ਚਲੋ ਜੇ ਕਿਸੇ ਤਰਾਂ ਉਸ ਨੇ ਦੇ ਵੀ ਦਿੱਤੇ ਤਾਂ ਵਿਆਜ਼ ਦਾ ਹੀ ਉਸ ਨੇ ਦੱਸ ਹਜ਼ਾਰ ਰੁ: ਮਹੀਨਾ ਬਣਾ ਦੇਣਾ। ਫਿਰ ਅੱਧੀ ਤੋਂ ਜਿਆਦਾ ਤਨਖਾਹ ਤਾਂ ਕਿਸ਼ਤਾਂ ਵਿਚ ਹੀ ਨਿਕਲ ਜਾਇਆ ਕਰਨੀ ਮਹੀਨੇ 'ਚ। ਕਦੋਂ ਇਹ ਚੌਂਹ ਸਾਲੀਂ ਇੰਜੀਨੀਅਰ ਬਣ ਕੇ ਆਏਗਾ ਤੇ ਕਦੋਂ ਪੈਸੇ ਮੋੜ ਹੋਣਗੇ। ਪਤਾ ਨਹੀਂ ਇਹ ਵੀ ਵੱਡੇ ਵਾਂਗ ਜਾਕੇ ਉੱਥੋਂ ਜੋਗਾ ਹੀ ਹੋ ਜਾਵੇ। ਮੈਂ ਤਾਂ ਫਿਰ ਕਿਤੇ ਜੋਗਾ ਨਾ ਰਿਹਾ। ਹੋਰ ਚੌਂਹ ਸਾਲਾਂ ਨੂੰ ਮੈਂ ਰਿਟਾਇਰ ਵੀ ਹੋ ਜਾਣਾ, ਫਿਰ ਕਿਸ ਤਰ੍ਹਾਂ ਲਹਿਣਗੇ ਸਾਰੇ ਕਰਜ਼ੇ?" ਸ਼ਰਮਾ ਜੀ ਦੀ ਗੱਲ ਸੁਣ ਕੇ ਮਮਤਾ ਰਾਣੀ ਵੀ ਸੋਚਾਂ 'ਚ ਡੁੱਬ ਗਈ। ਕਿਉਂ ਕਿ ਸਾਹਮਣੇ ਸੁਆਲ ਹੀ ਸੁਆਲ ਸਨ, ਹੱਲ ਕੋਈ ਨਹੀਂ ਸੀ ਮਿਲ ਰਿਹਾ। ਰਾਤ ਪੈ ਗਈ ਸੀ ਪਰ ਸਨੀ ਅਜੇ ਤੱਕ ਘਰ ਨਹੀਂ ਸੀ ਮੁੜਿਆ। ਉਸਦਾ ਮੋਬਾਇਲ ਵੀ ਬੰਦ ਸੀ ਮਾਂ ਨੇ ਤਿੰਨ ਚਾਰ ਵਾਰ ਕੋਸ਼ਿਸ਼ ਕੀਤੀ ਸੀ ਸਨੀ ਨਾਲ ਗੱਲ ਕਰਨ ਦੀ ਪਰ ਨਹੀਂ ਸੀ ਹੋਈ। ਮੀਆਂ ਬੀਵੀ ਦੋਵੇਂ ਚਿੰਤਾ ਗ੍ਰਸਥ ਹੋਏ ਬੈਠੇ ਸਨ।

ਕਾਫੀ ਚਿਰ ਬਾਅਦ ਸਨੀ ਘਰ ਮੁੜਿਆ। 'ਕਿੱਥੇ ਚਲੇ ਗਿਆ ਸੀ ਪੁੱਤਰ ? ਫਿਕਰਮੰਦ ਹੋਈ ਮਾਂ ਨੇ ਅੱਗੇ ਹੋ ਕੇ ਪੁੱਛਿਆ। 'ਮੈਂ ਕਿਤੇ ਨਹੀਂ ਸੀ ਗਿਆ ਮਾਂ, ਇੱਥੇ ਹੀ ਸੀ। ਉਹ ਇਕਦਮ ਸ਼ਾਂਤ ਦਿਸ ਰਿਹਾ ਸੀ।' ਪਿਤਾ ਜੀ ਕਿੱਥੇ ਨੇ ? ਸਨੀ ਨੇ ਅਗਾਂਹ ਹੁੰਦਿਆਂ ਪੁੱਛਿਆ।

"ਕੀ ਗੱਲ ਹੋਈ ਪੁੱਤਰ ? ਉਹ ਅੰਦਰ ਹੀ ਨੇ, ਆਪਣੇ ਕਮਰੇ 'ਚ।' ਮਾਂ ਨੇ ਜਾਣਾ ਚਾਹਿਆ। 'ਆ ਜਾਓ, ਮੈਂ ਦੱਸਦਾਂ।" ਕਹਿੰਦਾ ਹੋਇਆ ਸਨੀ ਪਿਤਾ ਦੇ ਕਮਰੇ ਵੱਲ ਨੂੰ ਹੋ ਗਿਆ।

"ਪਿਤਾ ਜੀ ਮੈਨੂੰ ਮੁਆਫ ਕਰ ਦਿਉ ਮੈਂ ਤੁਹਾਨੂੰ ਬਹੁਤ ਦੁੱਖ ਪਹੁੰਚਾਇਆ ਹੈ। ਮੈਨੂੰ

ਅਹਿਸਾਸ ਹੋ ਗਿਆ ਹੈ ਕਿ ਮਾਂ ਬਾਪ ਦੀ ਸੇਵਾ ਕਰਨ ਨਾਲ ਹੀ ਇਨਸਾਨ ਨੂੰ ਸੱਚੀ ਖ਼ੁਸ਼ੀ ਮਿਲ ਸਕਦੀ ਹੈ। ਤੁਹਾਨੂੰ ਦੁਖੀ ਕਰਕੇ ਮੈਨੂੰ ਕੋਈ ਵੀ ਖ਼ੁਸ਼ੀ ਹਾਸਲ ਨਹੀਂ ਹੋਏਗੀ। ਹੁਣ ਮੈਂ ਪਰਦੇਸ ਜਾਣ ਦਾ ਇਰਾਦਾ ਹੀ ਛੱਡ ਦਿੱਤਾ ਹੈ। ਮੈਂ ਆਪਣੇ ਹੀ ਮੁਲਕ ਵਿਚ ਰਹਿ ਕੇ ਆਪਣੀ ਪੜ੍ਹਾਈ ਪੂਰੀ ਕਰਾਂਗਾ ਤੇ ਨੌਕਰੀ ਵੀ ਇੱਥੇ ਹੀ ਕਰਾਂਗਾ। ਤੁਸੀਂ ਮੈਨੂੰ ਅਸ਼ੀਰਵਾਦ ਦਿਓ, ਕਿ ਮੈਂ ਤੁਹਾਡੀਆਂ ਆਸਾਂ ਤੇ ਪੂਰਾ ਉਤਰਾਂ ਤੇ ਨੇਕ ਪੁੱਤਰ ਸਾਬਤ ਹੋਵਾਂ।"

ਸਨੀ ਦੀ ਗੱਲ ਸੁਣ ਕੇ ਉਹ ਦੋਵੇਂ ਹੈਰਾਨ ਹੋਏ ਉਸ ਵੱਲ ਦੇਖਦੇ ਰਹਿ ਗਏ। ਉਨ੍ਹਾਂ ਦੇ ਮੂੰਹੋਂ ਕੋਈ ਗੱਲ ਨਾ ਨਿਕਲ ਸਕੀ। 'ਇਸ ਤਰ੍ਹਾਂ ਹੈਰਾਨ ਹੋਏ ਮੇਰੇ ਵੱਲ ਕੀ ਦੇਖ ਰਹੇ ਹੋ ? ਮੈਂ ਸੱਚ ਕਹਿ ਰਿਹਾ ਹਾਂ, ਮੈਨੂੰ ਤੁਹਾਡੀ ਮਜ਼ਬੂਰੀ ਦਾ ਅਹਿਸਾਸ ਹੋ

ਗਿਆ ਹੈ। ਮੈਂ ਹੁਣ ਕਿਤੇ ਨਹੀਂ ਜਾਵਾਂਗਾ, ਇੱਥੇ ਹੀ ਰਹਾਂਗਾ।' 'ਸੱਚ ? ਦੋਹਾਂ ਦੇ ਮੂੰਹੋਂ ਇਕੋ ਵਾਰ ਨਿਕਲਿਆ।

"ਹਾਂ ਮਾਂ, ਮੈਂ ਸੱਚ ਕਹਿ ਰਿਹਾ ਹਾਂ, ਮੇਰਾ ਯਕੀਨ ਕਰੋ 1 ਮੈਂ ਕਿਤੇ ਨਹੀਂ ਜਾਣਾ ਹੁਣ ਦੋਹਾਂ ਨੇ ਉੱਠ ਕੇ ਸਨੀ ਨੂੰ ਆਪਣੇ ਕਲਾਵੇ 'ਚ ਲੈ ਲਿਆ। ਪੁੱਤਰ ਸਾਡੀ ਅਸ਼ੀਰਵਾਦ ਤਾਂ ਹਮੇਸ਼ਾ ਤੇਰੇ ਨਾਲ ਹੈ।

**5.7.919, ਗੋਬਿੰਦਗੜ੍ਹ, ਜਲੰਧਰ**
**98762-08542**

◆◆◆

# ਲੇਖ

## ਮਾਛੀਵਾੜਾ ਸੜਕ ਉੱਤੇ ਮੇਰਾ ਘਰ ਹੈ

***ਪ੍ਰੋ. ਹਮਦਰਦਵੀਰ ਨੌਸ਼ਹਿਰਵੀ***

ਗੱਲ 1967 ਦੀ ਹੈ।

ਉਦੋਂ ਮਾਛੀਵਾੜਾ ਸਿਰਫ਼ ਮਾਛੀਵਾੜਾ ਸੀ। ਨਾ ਸਾਹਿਬ ਸੀ ਤੇ ਨਾ ਸ੍ਰੀ ਸੀ। ਉਦੋਂ ਮਾਛੀਵਾੜਾ ਵਧੇਰੇ ਪਿਆਰਾ ਸੀ, ਵਧੇਰੇ ਆਪਣਾ ਸੀ।

1965 ਵਿਚ ਮੈਂ ਆਗਰਾ ਤੋਂ ਭਾਰਤੀ ਹਵਾਈ ਸੈਨਾਂ ਵਿਚੋਂ ਸੇਵਾ ਮੁਕਤੀ ਲੈ ਕੇ ਆਪਣੇ ਪਿੰਡ ਨੌਸ਼ਹਿਰਾ ਪੰਨੂੰਆਂ (ਅੰਮ੍ਰਿਤਸਰ) ਆ ਗਿਆ ਸਾਂ। ਪਿੰਡ ਮੇਰੀ ਪਤਨੀ ਸੀ। ਮੇਰੀਆ ਦੋ ਬੇਟੀਆਂ ਸਨ। ਪਤਨੀ ਭਤੀਜੇ ਕਰਤਾਰ ਸਿੰਘ ਦੇ ਮਕਾਨ ਵਿਚ ਰਹਿੰਦੀ ਸੀ। ਆਪਣਾ ਉਸ ਪਾਸ ਕੋਈ ਮਕਾਨ ਨਹੀਂ ਸੀ।

ਮੈਂ ਨੌਕਰੀ ਦੀ ਤਲਾਸ਼ ਵਿਚ ਸਾਂ। ਏਅਰ ਫੋਰਸ ਵਿਚੋਂ ਵਿਦਾਈ ਵੇਲੇ ਮੈਨੂੰ ਜਿਹੜਾ ਬਕਾਇਆ ਮਿਲਿਆ, ਉਹ ਸੈਂਕੜਿਆਂ ਵਿਚ ਸੀ- ਹਜ਼ਾਰ ਵਿਚ ਨਹੀਂ/ ਲੱਖਾਂ ਵਿਚ ਹੋਣਾ ਤਾਂ ਬਹੁਤ ਦੂਰ ਦੀ ਗੱਲ ਸੀ। 1966 ਵਿਚ ਸਮਰਾਲਾ ਦੇ ਕਾਲਜ ਵਿਚ ਮੇਰੀ ਪਹਿਲੀ ਇੰਟਰਵਿਊ ਸੀ। ਬੜਾ ਸਖਤ ਮੁਕਾਬਲਾ ਸੀ। ਮੈਂ ਅਧਿਆਪਕ ਦੇ ਕਾਰਜ ਲਈ ਚੁਣ ਲਿਆ ਗਿਆ ਸੀ। ਸਮਾਂ ਚੰਗਾਂ ਸੀ ਮੇਰੇ ਪਾਸ ਸਨ ਨਾ ਨੋਟ, ਨਾ ਰੋਟ, ਨਾ ਵੋਟ ਤੇ



ਨਾ ਹੀ ਕੋਈ ਖੋਟ।

ਉਦੋਂ ਅਸੀਂ ਹੈੱਡ ਮਾਸਟਰ ਬੇਣੀ ਪ੍ਰਸ਼ਾਦ ਦੇ ਮਕਾਨ ਵਿਚ ਕਿਰਾਏ ਉੱਤੇ ਰਹਿੰਦੇ ਸਾਂ। 1967 ਦੀ 13 ਅਪ੍ਰੈਲ ਤਾਰੀਖ ਸੀ। ਵਿਸਾਖੀ ਦਾ ਪਵਿੱਤਰ ਦਿਹਾੜਾ। ਕਾਲਜ ਵਿਚ ਛੁੱਟੀ ਸੀ। ਮੇਰੀ ਇੱਛਾ ਸੀ ਕਿ ਮੈਂ, ਪਤਨੀ ਤੇ ਬੱਚੀਆਂ ਨੂੰ ਮਾਛੀਵਾੜਾ ਵਿਖੇ ਵਿਸਾਖੀ ਦਾ ਮੇਲਾ ਵਿਖਾ ਕੇ ਲਿਆਵਾਂ। ਪਤਨੀ ਦੀ ਵੀ ਏਹ ਇੱਛਾ ਸੀ।

ਪਤਨੀ ਨੇ ਛੋਟੀ ਬੇਟੀ ਨਵਕਵਿਤਾ ਨੂੰ ਕੁੱਛੜ ਚੁਕ ਲਿਆ। ਵੱਡੀ ਬੇਟੀ ਨਵਸੰਗੀਤ ਦੀ ਉਂਗਲ ਫੜ ਕੇ ਹੌਲੀ ਹੋਲੀ ਮੈਂ ਆਪਣੇ ਨਾਲ ਤੋਰ ਲਿਆ। ਅਸੀਂ ਬੱਸ ਅੱਡੇ ਉੱਤੇ ਪਹੁੰਚੇ। ਬੱਸ ਅੱਡੇ ਉੱਤੇ ਇੱਕ ਨਿੱਕਾ ਜਿਹਾ ਮੇਲਾ ਲੱਗਾ ਹੋਇਆ ਸੀ। ਖੰਨੇ ਵੱਲ ਮਾਛੀਵਾੜੇ ਨੂੰ ਜਾਣ ਵਾਲੀ ਬੱਸ, ਸਮਰਾਲਾ ਅੱਡੇ ਉੱਤੇ ਆਉਂਦੀ ਪਿੱਛੋਂ ਸੀ, ਪਰ ਭਰ ਪਹਿਲਾਂ ਹੀ ਜਾਂਦੀ ਸੀ। ਚਾਰ ਪੰਜ ਬੱਸਾਂ ਆਈਆਂ ਤੇ ਚਲੀਆਂ ਗਈਆਂ। ਸਾਡੇ ਪਾਸੋਂ ਭਲਾ ਨਿੱਕੀਆਂ ਨਿੱਕੀਆਂ ਦੋ ਬੱਚੀਆਂ ਨੂੰ ਚੁੱਕ ਬੱਸ ਵਿਚ ਕਿਥੋਂ ਚੜਿਆ ਜਾਣਾ ਸੀ। ਬੱਸਾਂ ਤਾਂ ਤੂੜੀ ਵਾਂਗ ਭਰੀਆਂ ਆ ਰਹੀਆਂ ਸਨ।

ਮਾਛੀਵਾੜਾ ਲਈ ਟੈਕਸੀਆਂ ਵੀ ਆ ਜਾ ਰਹੀਆਂ ਸਨ। ਪਰ ਟੈਕਸੀ ਦੀ ਸੀਟ ਬਹੁਤ ਮਹਿੰਗੀ ਸੀ ਤੇ ਮੇਰੀ ਮਾਸਿਕ ਤਨਖਾਹ ਸਿਰਫ਼ ਪੰਜ ਸੌ ਰੁਪਏ ਸੀ। ਮੈਂ ਪਤਨੀ ਨੂੰ ਕਿਹਾ ਤੂੰ ਬੱਚੀਆਂ ਨੂੰ ਲੈ ਕੇ, ਭੀੜ ਤੋਂ ਹਟ ਕੇ ਖਲੋਂ, ਮੈਂ ਘਰ ਜਾ ਕੇ ਸਾਈਕਲ ਲੈ ਕੇ ਆਉਂਦਾ ਹਾਂ। ਆਪਾਂ ਸਾਈਕਲ ਉੱਤੇ ਮਾਛੀਵਾੜਾ ਜਾਵਾਂਗੇ। ਗੁਰਦੁਆਰਾ ਚਰਨ ਕੰਵਲ ਸਾਹਿਬ ਮੱਥਾ ਟੇਕਾਂਗੇ। ਮੇਲਾ ਵੇਖਾਂਗੇ। ਹੁਣ ਘਰੋਂ ਨਿਕਲੇ ਹਾਂ ਤਾਂ ਮੇਲਾ ਵੇਖ ਕੇ ਹੀ ਆਵਾਂਗੇ। ਸਿਰਫ਼ ਬਾਰਾਂ ਕਿਲੋ ਮੀਟਰ ਦਾ ਹੀ ਤਾਂ ਪੰਧ ਹੈ।

ਮੈਂ ਵੱਡੀ ਬੇਟੀ ਨੂੰ ਸਾਈਕਲ ਦੇ ਹੈਂਡਲ ਨੇੜੇ ਲੱਗੀ ਛੋਟੀ ਜਿਹੀ ਗੱਦੀ ਉੱਤੇ ਬੈਠਾਇਆ। ਮੇਰੀ ਪਤਨੀ ਛੋਟੀ ਬੱਚੀ ਨੂੰ ਗੋਦੀ ਵਿਚ ਬੈਠਾ ਕੇ ਪਿੱਛੋਂ ਸਾਈਕਲ ਦੇ ਕੈਰੀਅਰ ਉੱਤੇ ਬੈਠ ਗਈ। ਮੈਂ ਹੌਲੀ ਹੌਲੀ ਸਾਈਕਲ ਦੇ ਪੈਡਲ ਗੇੜਨ ਲੱਗਾ। ਸਾਈਕਲ ਚਲਾਉਣ ਦੀ ਮੇਰੀ ਕਾਫ਼ੀ ਪ੍ਰੈਕਟਿਸ ਸੀ। ਆਪਣੇ ਘਰ ਤੋਂ ਕਾਲਜ ਤੱਕ ਕਰੀਬ ਪੰਜ 2 ਕਿਲੋਮੀਟਰ ਦਾ ਰਸਤਾ ਮੈਂ ਸਾਈਕਲ ਚਲਾ ਕੇ ਪੂਰਾ ਕਰਦਾ ਸਾਂ। ਸਾਈਕਲ ਉੱਤੇ ਹੀ ਵਾਪਸ ਘਰ ਆਉਂਦਾ ਸਾਂ। ਮਦਰਾਸ, ਜੰਮੂ, ਆਗਰਾ, ਆਦਮਪੁਰ ਦੁਆਬਾ ਵਿਖੇ ਵੀ ਮੈਂ ਸਾਈਕਲ ਦੀ ਸਵਾਰੀ ਕਰਕੇ ਇਨ੍ਹਾਂ ਸ਼ਹਿਰਾਂ ਵਿਚ ਘੁੰਮਦਾ ਸਾਂ। ਪਰ ਅੱਜ ਮੈਂ ਵੱਧ ਸਵਾਰੀਆਂ ਲੈ ਕੇ ਜਾ ਰਿਹਾ ਸਾਂ। ਲੱਤਾਂ ਵਿਚ ਦਮ ਵੀ ਘੱਟ ਗਿਆ ਸੀ। ਹੁਣ ਜਵਾਨੀ ਨਹੀਂ ਸੀ ਰਹੀ। (ਪਰ ਜਵਾਨੀ ਆਈ ਕਦੋਂ ਸੀ)।

ਮੁਸ਼ਕਿਲ ਨਾਲ ਇਕ ਲੇਨ ਵਾਲੀ ਬੜੀ ਪਤਲੀ ਜਿਹੀ ਸੜਕ ਸੀ-ਮਾਛੀਵਾੜਾ ਰੋਡ । ਮਸਾਂ ਦਸ ਫੁੱਟ ਦਸ ਫੁੱਟ ਕੱਚੀ ਪਟੜੀ ਸੀ। ਅੱਜ ਵਿਸਾਖੀ ਦਾ ਮੇਲਾ ਹੋਣ ਕਰਕੇ ਸੜਕ ਉੱਤੇ ਟਰੈਫਿਕ ਵੀ ਬਹੁਤ ਜ਼ਿਆਦਾ ਸੀ। ਦੋਹਾਂ ਪਾਸਿਆਂ ਤੋਂ ਬੱਸਾਂ, ਟਰੱਕ, ਟੈਕਸੀਆਂ, ਟੈਂਪੂ, ਮੋਟਰ ਸਾਈਕਲ ਆ ਜਾ ਰਹੇ ਸਨ।

ਕੁੱਝ ਗਜ਼ ਮੈਂ ਸਾਈਕਲ ਚਲਾਉਂਦਾ ਸਾਂ। ਸਾਈਕਲ ਪੱਕੀ ਸੜਕ ਤੋਂ ਲਾਹ ਕੇ, ਕੱਚੀ ਪਟੜੀ ਉੱਤੇ ਲਿਆਉਣਾ ਪੈਂਦਾ ਸੀ। ਕੱਚੀ ਪਟੜੀ ਉੱਤੇ ਰੇਤ ਸੀ। ਹਰ ਵਾਰ ਮੈਨੂੰ ਪੈਰ

ਹੇਠਾਂ ਲਗਾ ਕੇ ਸਾਈਕਲ ਰੋਕਣਾ ਪੈਂਦਾ, ਉਤਰਣਾ ਪੈਂਦਾ ਰੇਤ ਵਿਚ ਕਈ ਵਾਰ ਪੈਰ ਵੀ ਠੀਕ ਤਰ੍ਹਾਂ ਧਰਤੀ ਨਹੀਂ ਸੀ ਪਕੜਦਾ। ਧਰਤੀ ਉੱਤੇ ਤਾਂ ਰੇਤ ਸੀ। ਪਤਨੀ ਨੂੰ ਤੇ ਬੱਚੀਆਂ ਨੂੰ ਸਾਈਕਲ ਤੋਂ ਉਤਾਰਨਾ ਪੈਂਦਾ ਸੀ। ਢੇਰ ਸੜਕ ਖਾਲੀ ਹੋਣ ਦੀ ਉਡੀਕ ਕਰਨੀ ਪੈਂਦੀ ਸੀ। ਬਾਅਦ ਵਿੱਚ ਕਿਤੇ ਕੁੱਝ ਮਿੰਟਾਂ ਲਈ ਸੜਕ ਉੱਤੇ ਟਰੈਫਿਕ ਘੱਟਦਾ ਸੀ। ਮੈਂ ਪੱਕੀ ਸੜਕ ਉੱਤੇ ਸਾਈਕਲ ਧੱਕ ਕੇ ਲਿਆ ਕੇ, ਆਪਣੀਆਂ ਸਵਾਰੀਆਂ ਨੂੰ ਸਾਈਕਲ ਉੱਤੇ ਬਿਠਾਉਂਦਾ ਸੀ। ਹੌਲੀ ਹੌਲੀ ਸਾਈਕਲ ਰੇੜਦਾ ਸੀ। ਰੇਤ ਵਿਚ ਸਾਈਕਲ ਨਹੀਂ ਸੀ ਚਲਾਇਆ ਜਾ ਸਕਦਾ। ਰੇਤ ਵਿਚ ਸਾਈਕਲ ਦੇ ਪਹੀਏ ਧਸ ਜਾਂਦੇ ਸਨ।

ਹਾਲੀ ਮੇਰੇ ਸਾਈਕਲ ਨੇ ਸਪੀਡ ਫੜੀ ਹੀ ਹੁੰਦੀ ਸੀ ਕਿ ਸਾਹਮਣਿਉਂ ਆ ਰਹੀ ਬੱਸ ਜਾਂ ਪਿਛੋਂ ਆ ਰਹੇ ਟਰੱਕ ਜਾਂ ਟੈਂਪੂ ਨੂੰ ਲੰਘਣ ਦਾ ਰਸਤਾ ਦੇਣ ਲਈ ਮੈਨੂੰ ਆਪਣਾ ਸਾਈਕਲ ਸੜਕ ਤੋਂ ਹੇਠਾਂ ਲਾਹੁਣਾ ਪੈਂਦਾ ਸੀ। ਪਤਨੀ ਤੇ ਦੋ ਮਾਸੂਮ ਬੱਚੀਆਂ ਦਾ ਸਵਾਲ ਅਹਿਮ ਸੀ। ਦਸ ਫੁੱਟ ਦੀ ਕੀੜੀ ਜਿਹੀ ਸੜਕ, ਦਸ ਫੁੱਟ ਰੇਤ ਭਰੀ ਪਟੜੀ ਤੇ ਅੰਗੇ ਰੇਤ ਦੇ ਉੱਚੇ ਟਿੱਬੇ ਹਨ। ਹਵਾ ਚਲਦੀ, ਟਿੱਬਿਆਂ ਤੋਂ ਰੇਤ ਉੱਡਕੇ, ਉੱਲਰਕੇ ਪੱਕੀ ਸੜਕ ਉੱਤੇ ਆ ਪੈਂਦੀ ਸੀ। ਪਤਲੀ ਜਿਹੀ ਪੱਕੀ ਸੜਕ ਵੀ ਕਿਤੇ ਕਿਤੇ ਰੇਤ ਨਾਲ ਢੱਕੀ ਜਾਂਦੀ ਸੀ।

ਭਾਰਤੀ ਹਵਾਈ ਸੈਨਾ ਵਿਚ ਹੁੰਦਿਆਂ ਮਦਰਾਸ ਵਿਖੇ ਨੰਬਰ ਦੋ ਗਰਾਊਂਡ ਟਰੇਨਿੰਗ ਸਕੂਲ ਵਿਖੇ, ਸਿਖਲਾਈ ਲੈ ਰਿਹਾ ਸਾਂ। ਉੱਥੇ ਮਾਛੀਵਾੜਾ ਤੋਂ ਮੇਰਾ ਮਿੱਤਰ ਹੁੰਦਾ ਸੀ ਹਰਜੀਤ ਸਿੰਘ। ਮੈਨੂੰ ਮਹਿਸੂਸ ਹੁੰਦਾ ਸੀ, ਹਰਜੀਤ ਸਿੰਘ ਖੁਸ਼ਕਿਸਮਤ ਹੈ ਕਿ ਉਹ ਆਪਣੇ ਪਰਿਵਾਰ ਨਾਲ ਮਾਛੀਵਾੜਾ ਦਾ ਪੱਕਾ ਵਾਸੀ ਹੈ। ਲੋਹ ਪੁਰਸ਼ ਦਸ਼ਮੇਸ਼ ਗੁਰੂ ਜੀ ਦੀ ਨਗਰੀ ਮਾਛੀਵਾੜਾ। ਮੈਂ ਸੋਚਦਾ ਸਾਂ ਸ਼ਾਇਦ ਹਾਲੀ ਵੀ ਮਾਛੀਵਾੜਾ ਵਿਚ ਘਣੇ ਜੰਗਲ ਹੋਣਗੇ। ਸਚਦਾ ਸਾਂ ਜਦੋਂ ਮੈਂ ਏਅਰ ਫੋਰਸ ਵਿੱਚੋਂ ਸੇਵਾ ਮੁਕਤ ਹੋ ਕੇ ਆਪਣੇ ਪਿੰਡ ਜਾਵਾਂ, ਮੌਕਾ ਮਿਲਣ ਉੱਤੇ ਮੈਂ ਮਾਛੀਵਾੜਾ ਦੇ ਦਰਸ਼ਨ ਕਰਾਂ– ਮਾਛੀਵਾੜੇ ਦੇ ਜੰਗਲਾਂ ਵਿੱਚ ਘੁੰਮਾਂ। ਕਦੀ ਏਥੇ ਇਹਨਾਂ ਜੰਗਲਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੰਗੇ ਪੈਰੀਂ ਵਿਚਰੇ ਸਨ। ਓਦੋਂ ਗੁਰੂ ਜੀ ਨਾਲ ਕੋਈ ਨਹੀਂ ਸੀ, ਨਾ ਨੀਲਾ ਘੋੜਾ, ਨਾ ਸ਼ਸ਼ਤਰ, ਨਾ ਬਸਤਰ, ਨਾ ਤੀਰ, ਨਾ ਤਲਵਾਰ, ਨਾ ਲਸ਼ਕਰ। ਉਹਨਾਂ ਹੋਠਾਂ ਉੱਤੇ ਸ਼ਬਦ ਸੀ–

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ
ਤੁਧ ਬਿਨ ਰੋਗ ਰਜਾਈਆਂ ਦਾ ਓਡਣ, ਨਾਗ ਨਿਵਾਸਾਂ ਦਾ ਰਹਿਣਾ,
ਸੂਲ ਸੁਰਾਹੀ ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ,
ਯਾਰੜੇ ਦਾ ਸਾਨੂੰ ਸੱਥਰ ਚੰਗਾ, ਭਠ ਖੇੜਿਆਂ ਦਾ ਰਹਿਣਾ । –ਸ਼ਬਦ ਹਜਾਰੇ ਪਾਤਸ਼ਾਹੀ 10 ਮਾਛੀਵਾੜਾ ਦੇ ਜੰਗਲ ਬੀਆਬਾਨ ਵਿੱਚ ਤਨਹਾਈ ਦੇ ਸਮੇਂ, ਕਲਮ ਗੁਰੂ ਸਾਹਿਬ ਦਾ ਸਹਾਰਾ ਬਣੀ। ਗੁਰੂ ਸਾਹਿਬ ਨੇ ਆਪਣੇ ਪਿਤਾ ਗੁਰੂ ਨੂੰ ਯਾਦ ਕੀਤਾ। ਮਿੱਤਰ ਪਿਆਰੇ ਨੂੰ ਜ਼ਰਾ ਦੁਖੀ ਮੁਰੀਦ ਦਾ ਹਾਲ ਦੱਸਣਾ ਤੇਰੇ ਬਿਨਾ ਰਜਾਈ ਉੱਪਰ ਲੈਣਾ ਰੋਗ ਹੈ, ਇਸ ਤਰ੍ਹਾਂ ਰਹਿਣਾ, ਨਾਗਾਂ ਦੇ ਘਰ ਰਹਿਣ ਦੇ ਬਰਾਬਰ ਹੈ, ਐਸ਼ ਦਾ ਚਿੰਨ ਸੁਰਾਹੀ ਮੇਰੇ ਲਈ ਸੂਲ ਵਰਗੀ ਹੈ ਪਿਆਲਾ ਖੰਜਰ ਦੇ ਬਰਾਬਰ ਸੀ। ਇਸ ਤਰ੍ਹਾਂ ਕਸਾਈਆਂ



ਦੇ ਛੁਰੇ ਨੂੰ ਸਹਿਣ ਬਰਾਬਰ ਹੈ। ਮੈਨੂੰ ਯਾਰੜੇ ਗੁਰੂ ਦੀ ਸੋਗੀ ਸਭ ਚੰਗੀ ਹੈ– ਖੇੜਿਆਂ ਦੀ ਸ਼ਾਨੋਸ਼ੌਕਤ ਵਿੱਚ ਰਹਿਣਾ ਭੱਠ ਵਿੱਚ ਬਲਣ ਦੇ ਬਰਾਬਰ ਹੈ।

ਸੋਚਦਾ ਸਾਂ, ਹਵਾਈ ਸੈਨਾ ਵਿੱਚ ਸੇਵਾ ਮੁਕਤ ਹੋ ਕੇ ਮੈਂ ਆਪਣਾ ਘਰ ਬਣਾਵਾਂ। ਮਾਛੀਵਾੜਾ ਦੇ ਨੇੜੇ ਹੀ ਮੇਰਾ ਘਰ ਹੋਵੇ। ਵਗਦੇ ਪਾਣੀ ਦਾ ਕਿਨਾਰਾ ਹੋਵੇ। ਆਪਣੇ ਜੱਦੀ ਪਿੰਡ ਨੌਸ਼ਹਿਰਾ ਪਨੂੰਆਂ (ਅੰਮ੍ਰਿਤਸਰ) ਰਹਿਣ ਲਈ ਮੇਰੇ ਲਈ ਕੋਈ ਥਾਂ ਨਹੀਂ ਸੀ। ਘਰ ਹੋਵੇ ਆਪਣਾ। ਆਪਣੇ ਹੱਥੀਂ ਉਸਾਰਿਆਂ ਨੇੜੇ ਹੀ ਰੋਜ਼ਗਾਰ ਹੋਵੇ/ ਮਨਪਸੰਦ, ਪੱਕਾ ਤੇ ਇਜ਼ਤਦਾਰ। ਸਬੱਬ ਐਸਾ ਬਣਿਆ ਕਿ ਮੈਂ ਮਾਛੀਵਾੜਾ ਨੇੜੇ ਹੀ ਸਮਰਾਲਾ ਵਿਖੇ ਰਾਜਨੀਤੀ ਵਿਗਿਆਨ ਵਿਸ਼ੇ ਵਿਚ ਕਾਲਜ ਦਾ ਲੋਕਚਰਾਰ ਚੁਣਿਆ ਗਿਆ।

ਮੇਰੀ ਪਤਨੀ ਨੇ ਆਪਣੀ ਸਹੇਲੀ ਬਿਮਲਾ ਭੈਣ ਜੀ ਰਾਹੀਂ, ਸੂਏ ਦੇ ਕਿਨਾਰੇ ਮਾਛੀਵਾੜਾ ਨੂੰ ਜਾਂਦੀ ਸੜਕ ਦੇ ਨੇੜੇ ਇੱਕ ਪਲਾਟ ਪਸੰਦ ਕਰ ਲਿਆ। ਗੁਲਾਬੋ ਪਾਸੇ ਸੂਏ ਦੇ ਕਿਨਾਰੇ ਮਾਛੀਵਾੜਾ ਰੋਡ ਵਿਖੇ ਪਲਾਟ ਖਗੋਦ ਲਿਆ। ਮੈਨੂੰ ਖੁਸ਼ੀ ਸੀ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਚਰਨ ਛੋਹ ਪ੍ਰਾਪਤ ਗਨੀ ਖਾਂ ਨਬੀ ਖਾਂ ਦੀ ਨਗਰੀ ਮਾਛੀਵਾੜਾ ਨੂੰ ਜਾਂਦੀ ਸੜਕ ਕਿਨਾਰੇ ਸਥਾਪਤ ਹੋ ਰਿਹਾ ਸੀ।

ਬੇਟੀਆਂ ਨੂੰ ਲੈ ਕੇ ਮੈਂ ਤੇ ਮੇਰੀ ਪਤਨੀ ਹਰਜੀਤ ਸਿੰਘ ਦੇ ਘਰ ਗਏ। ਹਰਜੀਤ ਸਿੰਘ ਮਾਂਗਟ ਦਾ ਘਰ ਗਨੀ ਖਾਂ ਨਬੀ ਖਾਂ ਭਰਾਵਾਂ ਦੇ ਮਜ਼ਾਰ ਦੇ ਨੇੜੇ ਹੀ ਸੀ। ਮੈਂ ਬੇਟੀਆਂ ਨੂੰ ਦੱਸਿਆ ਕਿ ਇਹਨਾਂ ਕਬਰਾਂ ਹੇਠਾਂ ਗਨੀ ਖਾਂ ਨਬੀ ਖਾਂ ਭਰਾ ਸੁੱਤੇ ਪਏ ਹਨ। ਇਹਨਾਂ ਮੁਸਲਮਾਨਾਂ ਭਰਾਵਾਂ ਨੇ ਮੁਗ਼ਲ ਫੌਜਾਂ ਦੇ ਘੇਰੇ ਵਿਚ ਘਿਰੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਉੱਚ ਦਾ ਪੀਰ ਬਣਾ ਕੇ ਅਜਨੌਰ ਦੇ ਕਾਜੀ ਚਰਾਗ ਸ਼ਾਹ ਤੇ ਹੋਰ ਮੁਰੀਦਾ ਦੀ ਸਹਾਇਤਾ ਨਾਲ ਗੁਰੂ ਸਾਹਿਬ ਨੂੰ ਫੌਜ ਦੇ ਘੇਰੇ ਵਿਚੋਂ ਬਾਇਜ਼ਤ ਬਹਾਰ ਕੱਢ ਕੇ, ਦੀਨਾ ਕਾਂਗੜ ਦੇ ਰਾਹੇ ਪੈ ਗਏ। ਮਿਤੀ 12 ਦਸੰਬਰ, 1705 ( ਗਨੀ ਖਾਂ ਨਬੀ ਖਾਂ ਦੇ ਮਜ਼ਾਰ ਤੋਂ ਅਗੇ ਮੋਟੇ ਭਾਰੇ ਪੱਥਰਾਂ ਦੀ ਡੰਡੀ ਸੀ ਤੇ ਉਸ ਤੋਂ ਜੰਗਲ ਸਨ।

ਹਰਜੀਤ ਸਿੰਘ ਮਾਂਗਟ ਨੂੰ ਨਾਲ ਲੈ ਕੇ, ਸਾਈਕਲ ਉਨ੍ਹਾਂ ਦੇ ਘਰ ਪਾਰਕ ਕਰਕੇ, ਪੈਦਲ ਹੀ ਮੈਂ ਤੇ ਮੇਰੀ ਪਤਨੀ ਗੁਰਦੁਆਰਾ ਚਰਨ ਕੰਵਲ ਸਾਹਿਬ ਵੱਲ ਤੁਰ ਪਏ। ਛੋਟੀ ਬੇਟੀ ਨੂੰ ਮੇਰੀ ਪਤਨੀ ਨੇ ਕੁੱਛੜ ਚੁਕਿਆ ਹੋਇਆ ਸੀ, ਵੱਡੀ ਬੇਟੀ ਨੂੰ ਮੈਂ ਹੌਲੀ ਹੌਲੀ ਨਾਲ ਲਈ ਜਾ ਰਿਹਾ ਸੀ। ਕੱਚਾ ਰਾਹ ਸੀ। ਟਾਂਵਾ ਟਾਂਵਾ ਹੀ ਕੋਈ ਘਰ ਸੀ।

ਜੰਡ ਸਾਹਿਬ ਹਰਿਆ ਭਰਿਆ ਸੀ। ਨਿੰਮੀ ਨਿੰਮੀ ਹਵਾ ਵਿਚ ਪਵਿੱਤਰ ਬਿਰਖ ਦੇ ਪੱਤੇ ਹਿਲ ਰਹੇ ਸਨ–ਗਾ ਰਹੇ ਸਨ। ਹਵਾ ਵਿਚ ਹੌਲੀ ਹੌਲੀ ਦਰਵੇਸ਼ੀ ਆਵਾਜ਼ ਆ ਰਹੀ ਸੀ–ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ....।

ਜੰਡ ਸਾਹਿਬ ਦੇ ਨਾਲ ਹੀ ਗੁਰਦੁਆਰਾ ਸਾਹਿਬ ਦਾ ਪ੍ਰਵੇਸ਼ ਦਵਾਰ ਸੀ। ਗੁਰਦੁਆਰਾ ਸਾਹਿਬ ਬੜਾ ਛੋਟਾ ਦਰਸ਼ਨ ਬੜੇ ਵੱਡੇ ਸਨ। ਮਨੁੱਖਾਂ ਦੀ ਭੀੜ ਨਹੀਂ ਸੀ। ਗੁਰੂ ਸਾਹਿਬ ਵੇਲੇ ਦੇ ਜੰਗਲ ਦੇ ਬਿਰਖਾਂ ਦੀ ਬਾਸ ਆ ਰਹੀ ਸੀ। ਪਲਾਟ ਬੜਾ ਨੀਵਾਂ ਸੀ। ਨੀਹਾਂ ਭਰੀਆਂ। ਛੇ ਫੁੱਟ ਭਰਤ ਪਾਉਂਣਾ ਪੈਣਾ ਸੀ। ਕਈ ਦਰਜਨ ਰੇਤੇ ਦੀਆਂ ਟਰਾਲੀਆਂ ਪਵਾਈਆਂ। ਹੋਰ ਵੀ ਲੋਕਾਂ ਨੇ ਆਪਣੇ ਆਪਣੇ ਪਲਾਟਾਂ ਵਿਚ ਭਰਤ ਪਵਾਈ। ਬਾਲਿਓ,

ਭਰਥਲਾ, ਪਾਲ ਮਾਜਰਾ ਤੇ ਸੜਕ ਕਿਨਾਰੇ ਦੇ ਰੇਤ ਦੇ ਟਿੱਬੇ ਹੌਲੀ ਹੌਲੀ ਨੀਵੇਂ ਹੁੰਦੇ ਗਏ। ਉਦੋਂ ਏਥੇ ਆਸ ਪਾਸੇ ਸਿਰਫ਼ ਮੂੰਗਫਲੀ ਹੀ ਹੁੰਦੀ ਸੀ। ਰੇਤ ਦੇ ਟਿੱਬਿਆਂ ਵਿਚ ਹੋਰ ਵੀ ਕੋਈ ਮਾੜੀ ਮੋਟੀ ਫ਼ਸਲ ਹੁੰਦੀ ਹੋਵੇਗੀ। ਮੋਗੇ ਜਾਣ ਪਛਾਣ ਦੇ ਸੱਜਣ ਜੱਥੇਦਾਰ ਰਣਜੀਤ ਸਿੰਘ ਰਾਣਵਾਂ ਨੇ ਕਿਹਾ, "ਪ੍ਰੋਫੈਸਰ ਸਾਹਿਬ ਮਾਛੀਵਾੜਾ ਬੇਟ ਵਿਚ ਪੰਜ ਦਸ ਕਿਲੇ ਜ਼ਮੀਨ ਖਰੀਦ ਲਵੋ। ਪੰਜ ਹਜ਼ਾਰ ਰੁਪਏ ਕਿਲਾ ਹੈ। ਕਈ ਥਾਂ ਤਾਂ, ਇਸ ਰੇਤਲੀ ਜਮੀਨ ਦਾ ਭਾਅ, ਹੋਰ ਵੀ ਘੱਟ ਹੈ। ਜ਼ਮੀਨ ਖਰੀਦ ਲਵੋ। ਕੰਮ ਆਵੇਗੀ ਬਾਅਦ ਵਿਚ ਜ਼ਮੀਨ ਦੀਆਂ ਕੀਮਤਾਂ ਵਧਣੀਆਂ ਹੀ ਹਨ।"

ਪਰ ਮੈਂ ਪੰਜ ਚਾਰ ਕਿਲੇ ਜ਼ਮੀਨ ਨਾ ਖਰੀਦ ਸਕਿਆ। ਕੀ ਕਰਨੀ ਸੀ ਮੈਂ ਜ਼ਮੀਨ। ਦੋ ਬੇਟੀਆਂ ਹਨ। ਵੱਡੀਆਂ ਹੋਣਗੀਆ ਪੜਾਵਾਂਗਾ, ਲਿਖਾਵਾਂਗਾ। ਮੈਨੂੰ ਜ਼ਮੀਨ ਦੀ ਨਹੀਂ ਆਪਣੇ ਘਰ ਦੀ ਲੋੜ ਹੈ। ਥੋੜ੍ਹੀ ਜਿਹੀ ਤਨਖਾਹ ਵਿਚੋਂ ਪੈਸੇ ਬਚਾ ਕੇ ਮੈਂ ਆਪਣਾ ਘਰ ਬਣਾਉਣਾ ਸ਼ੁਰੂ ਕੀਤਾ। ਕਿਸ਼ਤਵਾਰ। ਮਾਛੀਵਾੜਾ ਸੜਕ ਨੇੜੇ ਦੋ ਕਮਰੇ ਬਣਾਏ। ਪੈਸੇ ਖਤਮ ਹੋ ਗਏ।

ਮੈਂ ਉਜਾੜ ਵਿਚ ਬਣਾਏ ਦੋ ਕਮਰਿਆਂ ਵਿਚ ਆਪਣੀ ਰਿਹਾਇਸ਼ ਕਰ ਲਈ।

ਸਵੇਰੇ ਮਾਛੀਵਾੜੇ ਸੜਕ ਉੱਤੇ ਦੂਰ ਤੱਕ ਸੈਰ ਕਰਨ ਜਾਣ ਲਗ ਪਿਆ। ਟਰੈਫਿਕ ਬੜਾ ਘੱਟ ਸੀ। ਸੜਕ ਦੇ

ਕਿਨਾਰੇ ਤੁਰਦਿਆਂ ਬਿਰਖਾਂ ਉੱਤੇ ਬੈਠੇ ਪੰਛੀਆਂ ਦੇ ਗੀਤ ਸੁਣੇ ਜਾ ਸਕਦੇ ਸਨ। ਪੰਛੀਆਂ ਨਾਲ ਗੱਲਾਂ ਕੀਤੀਆ ਜਾ ਸਕਦੀਆਂ ਸਨ।

ਮੈਂ ਮਾਛੀਵਾੜੇ ਸੜਕ ਉੱਤੇ ਸੈਰ ਕਰਦਾ, ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਹੋਂਦ ਦਾ ਅਹਿਸਾਸ ਹੁੰਦਾ। ਨੀਲੇ ਘੋੜੇ ਦੀਆਂ ਟਾਪਾਂ ਸੁਣਾਈ ਦਿੰਦੀਆਂ।

ਮਾਛੀਵਾੜੇ ਨੂੰ ਜਾਂਦੀ ਸੜਕ ਚੌੜੀ ਕੀਤੀ ਜਾਣੀ ਸੀ। ਟਰੈਫਿਕ ਵੱਧ ਗਿਆ ਸੀ। ਤੇ ਸੜਕ ਬੜੀ ਭੀੜੀ ਸੀ।

ਸੜਕ ਕਿਨਾਰੇ ਬਿਰਖ ਕੱਟੇ ਜਾ ਰਹੇ ਸਨ। ਕਿਸੇ ਪੁਰਾਣੇ ਬਿਰਖ ਦਾ ਮੋਟਾ ਟਾਹਣਾਂ ਹੇਠਾਂ ਡਿਗਦਾ, ਨਾਲ ਹੀ ਬੋਟਾਂ ਸਮੇਤ ਆਲ੍ਹਣੇ ਹੇਠਾਂ ਡਿਗਦੇ।

ਸਮਰਾਲਾ-ਮਾਛੀਵਾੜਾ ਵਿਚ ਨਹਿਰ ਸਰਹਿੰਦ ਦਾ ਪਿੰਡ ਗੜੀ ਤਰਖਾਣਾ ਲਾਗੇ ਨਹਿਰ ਉਪਰਲਾ ਰਸਤਾ ਚੌੜਾ ਕਰਨਾ ਪੈਂਦਾ ਸੀ। ਪੁਲ ਬਹੁਤ ਤੰਗ ਸੀ ਤੇ ਹੈ ਵੀ ਵਿੰਗਾ ਟੇਢਾ ਸੀ।

ਕੁੱਝ ਸਾਲਾਂ ਬਾਅਦ ਨਹਿਰ ਉੱਤੇ ਪੁਲ ਨੇ ਨਵਾਂ ਰੂਪ ਧਾਰਨ ਕਰ ਲਿਆ। ਪੁਲ ਚੌੜਾ ਤੇ ਸਿੱਧਾ ਬਣਾ ਦਿੱਤਾ ਗਿਆ।

ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ। ਗੁਰੂ ਗੋਬਿੰਦ ਸਿੰਘ ਮਾਰਗ ਪਵਿੱਤਰ ਮਾਰਗ ਬਨਾਉਣ ਬਾਰੇ ਫੈਸਲਾਂ ਹੋਇਆ। ਜਿਹਨਾ ਰਾਹਾਂ ਉੱਤੇ ਤੁਰਕੇ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ ਪਹੁੰਚੇ ਸਨ। "ਉਹ ਲੰਮੇ ਬਿਖੜੇ ਰਾਹ ਨੂੰ ਗੁਰੂ ਗੋਬਿੰਦ ਮਾਰਗ ਦਾ ਨਾਮ ਦਿੱਤਾ ਗਿਆ- 577 ਕਿਲੋਮੀਟਰ ਇਹ ਮਾਰਗ ਬਣਦਾ ਸੀ ।



10 ਅਪ੍ਰੈਲ 1973 ਨੂੰ ਇਸ ਮਾਰਗ ਦਾ ਉਦਘਾਟਨ ਕੀਤਾ ਗਿਆ।

ਉਦਘਾਟਨ ਸਮੇਂ ਇਸ ਮਾਰਗ ਉੱਤੇ ਕਈ ਮੀਲ ਲੰਮਾਂ ਕਾਰਾਂ ਤੇ ਹੋਰ ਵਾਹਨਾਂ ਦਾ ਕਾਫ਼ਲਾ ਨਾਅਰਾ ਲਾਉਂਦਾ ਹੋਇਆ ਗੁਜ਼ਰਿਆਂ। ਮੈਂ ਵੀ ਸਮਰਾਲਾ ਤੋਂ ਪੰਜ ਕਿਲੋਮੀਟਰ ਸਾਈਕਲ ਦੀ ਸਵਾਰੀ ਕਰਦਾ ਹੋਇਆ, ਗੁਰੂ ਗੋਬਿੰਦ ਮਾਰਗ, ਨਹਿਰ ਸਰਹਿੰਦ ਦੇ ਪੁਲ ਨੇੜੇ ਪਹੁੰਚਿਆ। ਪੁਲ ਉੱਤੇ ਇਲਾਕੇ ਦੇ ਸ਼ਰਧਾਲੂਆਂ ਅਤੇ ਸ਼ਹਿਰ ਦੇ ਤਮਾਸ਼ਬੀਨਾਂ ਦੀ ਕਾਫੀ ਭੀੜ ਇਕੱਠੀ ਹੋਈ ਸੀ। ਕਾਰਾਂ ਦਾ ਲੰਮਾ ਕਾਫ਼ਲਾ ਮੇਰੇ ਨਾਲੋਂ ਦੀ ਗੁਜ਼ਰ ਰਿਹਾ ਸੀ। ਮੈਂ ਲਿਖਿਆ ਜਲੂਸ ਦੀ ਲੰਬਾਈ ਹੈ— ਔਠ ਘੰਟੇ ਅਤੇ ਪੰਜ ਹਜ਼ਾਰ ਕਾਰਾਂ। ਏਨੇ ਵੱਡੇ ਹਜੂਮ ਵਿਚ ਚਿੱਟੇ, ਨੀਲੇ, ਮਖੌਟੇ ਓੜੀ ਫਿਰਦੇ ਨੇ ਗੰਮ ਚੰਦ, ਧੀਰ ਮੱਲ, ਰਾਮ ਰਾਏ, ਪਿਰਥੀ, ਗੰਗੂ, ਚੰਦੂ ਬਹੁਤ ਸਾਰੇ। ਪਰ ਕਿਧਰੇ ਵੀ ਮੈਨੂੰ ਕਿਸੇ ਸਾਹਿਬਜ਼ਾਦੇ ਦਾ ਪਵਿੱਤਰ ਚਿਹਰਾ ਨਜ਼ਰ ਨਹੀਂ ਆਇਆ। ਮੈਂ ਵੀ ਹਾਜ਼ਰ ਹਾਂ ਪਰ ਮੈਂ ਗੋਬਿੰਦ ਮਾਰਗ ਯਾਤਰੀ ਨਹੀਂ— ਗੋਬਿੰਦ ਮਾਰਗੀ ਹਾਂ। ਇਸ ਮਾਰਗ ਉੱਤੇ ਤੁਰਨਾ ਏਨਾ ਤਾਂ ਸੌਖਾ ਨਹੀਂ। ਇਹ ਮਾਰਗ ਤਾਂ ਤੂਫਾਨੀ ਦਰਿਆ ਵਿਚੋਂ ਦੀ ਲੰਘ ਕੇ, ਜ਼ਹਿਰੀਲੇ ਕੰਡਿਆਂ ਵਿੱਚੋਂ ਦੀ ਤਰਾਸ਼ ਕੇ, ਅੱਗ ਦੀਆਂ ਲਪਟਾਂ ਵਿਚੋਂ ਦੀ ਕੁੱਦ ਕੇ, ਜੋਹਲ ਦੀ ਚੌਂਕੀ ਵਿਚ ਪਿਸ ਕੇ, ਲੱਖ-ਲੱਖ ਰੁਪਏ ਸਿਰਾਂ ਦਾ ਮੁੱਲ ਪਵਾ ਕੇ, ਆਪਣੇ ਹੀ ਲਹੂ ਵਿਚੋਂ ਦੀ ਕਰ ਕੇ, ਕਿਸੇ ਸ਼ਾਹ ਰਾਹ ਨੂੰ ਮਿਲਦਾ ਹੈ। ਇਸ ਮਾਰਗ ਉੱਤੇ ਤੁਰਨਾ ਏਨਾ ਸੌਖਾ ਤਾਂ ਨਹੀਂ।

ਕੈਂਸਰ ਨਾਲ ਪੀੜਤ, ਮੇਰੀ ਪਤਨੀ 25 ਅਕਤੂਬਰ 2000 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੀ। ਅਸਥੀਆਂ ਨੂੰ ਜਲ ਪ੍ਰਵਾਹ ਕਰਨ ਬਾਰੇ ਮੈਂ ਪਹਿਲਾਂ ਹੀ ਸੋਚਿਆ ਹੋਇਆ ਕਿ ਪਤਨੀ ਦੀਆਂ ਅਸਥੀਆਂ ਨੇੜੇ ਹੀ ਜਲ ਪ੍ਰਵਾਹ ਕਰਨੀਆਂ ਹਨ। ਗੁਰੂ ਗੋਬਿੰਦ ਮਾਰਗ ਦੇ ਨਹਿਰ ਸਰਹਿੰਦ ਦੇ ਚੜ੍ਹਦੇ ਪਾਸੇ, ਵਗਦੇ ਜਲ ਵਿਚ। ਮੇਰੀ ਰਾਏ ਬਾਰੇ ਮੇਰੀਆਂ ਦੋਵਾਂ ਸ਼ਾਦੀ ਸ਼ੁਦਾ ਬੇਟੀਆਂ ਨੂੰ ਵੀ ਕੋਈ ਇਤਜ਼ਾਰ ਨਹੀਂ ਸੀ। ਮਿਥੇ ਹੋਏ ਦਿਨ ਤੇ ਸਮੇਂ ਅਨੁਸਾਰ ਜਾ ਚੁੱਕੀ ਰੂਹ ਦੀਆਂ ਅਸਥੀਆਂ, ਚੜ੍ਹਦੇ ਪਾਸੇ ਪੁਲ ਗੁਰੂ ਗੋਬਿੰਦ ਸਿੰਘ ਮਾਰਗ ਉੱਤੇ ਦੋ ਕਿਲੋਮੀਟਰ ਚਲ ਕੇ, ਨਹਿਰ ਦੇ ਸਾਫ਼ ਸੁਥਰੇ ਜਲ ਵਿਚ, ਜਲ ਪ੍ਰਵਾਹ ਕਰ ਦਿੱਤੀਆਂ। ਏਸੇ ਰਾਹ ਉੱਤੇ ਚਲਦੇ ਹੋਏ ਗੁਰੂ ਗੋਬਿੰਦ ਸਿੰਘ ਜੀ, ਕਟਾਣਾ ਸਾਹਿਬ, ਦੋਰਾਹਾ, ਆਲਮਗੀਰ ਤੋਂ ਅੱਗੇ ਵਧੇ ਸਨ।

ਛੋਟੇ ਬੇਟੇ ਨਵਚੇਤਨ ਨੇ ਕਾਲਜ ਦੀ ਪੜ੍ਹਾਈ ਤੋਂ ਬਾਅਦ, ਮਾਛੀਵਾੜੇ ਵਿਖੇ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ। ਨਵਚੇਤਨ ਰੋਜ ਸਵੇਰੇ ਸ਼ਾਮ ਨੂੰ ਗੋਬਿੰਦ ਸਿੰਘ ਮਾਰਗ ਨੂੰ ਨਹਿਰ ਸਰਹਿੰਦ ਦੇ ਪੁਲ ਉੱਤੇ ਲੰਘਦਿਆਂ, ਪਾਰ ਕਰਦਾ ਸੀ, ਪੁਲ ਪਾਰ ਕਰਦਿਆਂ ਮੋਟਰ ਸਾਈਕਲ ਹੌਲੀ ਕਰਕੇ ਚੜ੍ਹਦੇ ਪਾਸੇ ਨਹਿਰ ਦੇ ਸ਼ਾਂਤ ਵਗਦੇ ਪਾਣੀ ਵੱਲ ਵੇਖਦਾ ਅਪਣੀ ਬੀਬੀ ਜੀ ਨੂੰ ਯਾਦ ਕਰਦਾ। ਗੁਰੂ ਗੋਬਿੰਦ ਸਿੰਘ ਮਾਰਗ ਦੇ ਕਿਨਾਰੇ ਨਹਿਰ ਦੇ ਇਸ ਸਵੱਛ ਪਾਣੀ ਵਿਚ ਮੇਰੀ ਬੀਬੀ ਸਮਾਈ ਹੋਈ ਹੈ। ਵਗਦਾ ਪਾਣੀ ਨਿਰੰਤਰ ਚਾਲ ਵਿਚ ਰਹਿੰਦਾ ਹੈ। ਫਿਰ ਵੀ ਏਥੇ ਹੀ ਬੈਠੀ ਮੇਰੀ ਬੀਬੀ ਸਵੇਰ ਸ਼ਾਮ ਮੈਨੂੰ ਜਾਂਦੇ ਆਉਂਦੇ ਨੂੰ ਵੇਖਦੀ ਹੈ। ਅਸ਼ੀਰਵਾਦ ਦਿੰਦੀ ਹੈ।

ਨਹਿਰ ਦਾ ਪਾਣੀ ਪਿੱਛੋਂ ਮੁੱਖ ਸਥਾਨ ਤੋਂ ਬੰਦ ਕੀਤਾ ਹੋਇਆ ਸੀ। ਨਹਿਰ ਸੁੱਕੀ

ਪਈ ਸੀ। ਵਿਚ-ਵਿਚ ਥੋੜ੍ਹਾ- ਥੋੜ੍ਹਾ ਪਾਣੀ ਦਿਸਦਾ। ਮੈਂ, ਲਖਬੀਰ ਸਿੰਘ ਬਲਾਲਾ, ਰਤਨ ਸਿੰਘ, ਨਹਿਰ ਦੇ ਕਿਨਾਰੇ ਗੁਰੂ ਗੋਬਿੰਦ ਸਿੰਘ ਮਾਰਗ ਉਤੇ ਚਮਕੌਰ ਸਾਹਿਬ ਨੂੰ ਜਾ ਰਹੇ ਸਾਂ। ਕਾਰ ਹਰਜਿੰਦਰਪਾਲ ਸਿੰਘ ਚਲਾ ਰਿਹਾ ਸੀ। ਘਣੇ ਜਾਮਨ ਦੇ ਬਿਰਖ ਦੀ ਛਾਂ ਹੇਠਾਂ, ਨਹਿਰ ਵਿਚ ਜਿੱਥੇ ਮੈਂ ਪ੍ਰੀਤਮ ਕੌਰ ਦੀਆਂ ਅਸਥੀਆਂ ਨਹਿਰ ਦੇ ਸ਼ੁੱਧ ਪਾਣੀ ਵਿਚ ਜਲ ਪ੍ਰਵਾਹ ਕੀਤੀਆ ਸਨ, ਹਰਜਿੰਦਰਪਾਲ ਸਿੰਘ ਨੂੰ ਕਾਰ ਰੋਕਣ ਨੂੰ ਕਿਹਾ। ਸਾਥੀਆਂ ਦੀ ਸਹਾਇਤਾ ਨਾਲ ਮੈਂ ਨਹਿਰ ਵਿਚ ਹੇਠਾਂ ਉਤਰਿਆ, ਹੇਠਲੀਆਂ ਝਾੜੀਆਂ ਵਿਚ ਚੁੰਨੀਆਂ, ਲੀਰਾਂ ਫਸੀਆਂ ਪਈਆਂ ਸਨ। ਥੋੜ੍ਹਾ ਹੇਠਾਂ ਕਰਕੇ ਨਿੱਕੀਆਂ-ਵੱਡੀਆਂ ਵੱਡੀਆਂ ਪਈਆਂ ਦਿਸ ਰਹੀਆਂ। ਮੈਂ ਨੇੜੇ ਬਹਿ ਕੇ ਹੱਡੀਆਂ ਟੋਲੀਆਂ। ਇਕ ਦੰਦ ਮਿਲਿਆ, ਜਿਸ ਉਤੇ ਸੋਨੇ ਦਾ ਪੋਤਰਾ ਚੜ੍ਹਿਆ ਹੋਇਆ ਸੀ। ਪਰ ਇਹ ਮੰਤਰਾ ਕਾਲਾ ਹੋ ਚੁੱਕਾ ਸੀ। ਮੈਂ ਇਹ ਦੰਦ ਚੁੱਕ ਕੇ ਰੁਮਾਲ ਨਾਲ ਸਾਫ਼ ਕਰਕੇ ਜੇਬ ਵਿਚ ਪਾ ਲਿਆ ਮੈਨੂੰ ਵਿਸ਼ਵਾਸ਼ ਸੀ। ਇਹ ਦੰਦ ਮੇਰੀ ਪਤਨੀ ਦਾ ਹੀ ਸੀ।

ਬੇਟੀ ਨਵਕਵਿਤਾ ਸਤਲੁਜ ਦਰਿਆ ਤੋਂ ਪਾਰ, ਰਾਹੋਂ ਤੋਂ ਪਰੇ, ਕਿਰਪਾਲ ਸਾਗਰ ਅਕੈਡਮੀ ਵਿਚ ਅਧਿਆਪਕਾ ਸੀ। ਸਕੂਲ ਹੋਸਟਲ ਵਿਚ ਹੀ ਰਹਿੰਦਾ ਸੀ। ਵੱਡਾ ਬੇਟਾ ਸਫ਼ਰ ਤੋਂ ਮੈਂ ਨਵਕਵਿਤਾ ਦਾ ਹਾਲ ਚਾਲ ਪੁੱਛਣ ਤੇ ਕੁੱਝ ਵਸਤਾਂ ਦੇਣ, ਦਰਿਆ ਸਤਲੁਜ ਪਾਰ ਕਰਕੇ ਕਿਰਪਾਲ ਸਾਗਰ ਅਕੈਡਮੀ ਪਹੁੰਚੇ । ਮੋਟਰ ਸਾਈਕਲ ਅਸੀਂ ਕਿਸ਼ਤੀ ਵਿਚ ਰੱਖ ਕੇ ਦਰਿਆ ਪਾਰ ਕੀਤਾ। ਕਿਨਾਰੇ ਤੇ ਉਤਰਕੇ ਫੇਰ ਮੋਟਰ ਸਾਇਕਲ ਸਵਾਰ ਹੋ ਕੇ, ਅਸੀਂ ਕਿਰਪਾਲ ਸਾਗਰ

ਅਕੈਡਮੀ ਪਹੁੰਚ ਕੇ ਨਵਕਵਿਤਾ ਦੇ ਹੋਸਟਲ ਵਾਲੇ ਕਮਰੇ ਵਿਚ ਗਏ। ਫੇਰ ਦਰਿਆ ਸਤਲੁਜ ਉੱਤੇ ਪੁਲ ਬਣ ਗਿਆ। ਮਾਛੀਵਾੜਾ ਸ਼ਹਿਰ, ਦਰਿਆ ਸਤਲੁਜ ਦਾ ਪੁਲ ਪਾਰ ਕਰਕੇ ਦੁਆਬਾ ਨਾਲ ਅਤੇ ਦੂਰ ਜੰਮੂ-ਕਸ਼ਮੀਰ ਅਤੇ ਡਲਹੌਜੀ ਨਾਲ ਜੁੜਿਆ ਹੋਇਆ ਹੈ। ਤੇ ਫੇਰ ਗੁਰੂ ਗੋਬਿੰਦ ਸਿੰਘ ਮਾਰਗ ਚੌੜਾ ਕੀਤਾ ਜਾਣ ਲੱਗਾ, 577 ਕਿਲੋਮੀਟਰ ਗੋਬਿੰਦ ਮਾਰਗ ਕਿਨਾਰੇ ਲੱਖਾਂ ਬਿਰਖ- ਸਫੈਦੇ, ਟਾਹਲੀਆਂ, ਅੰਬ, ਜਾਮਣ ਤੇ ਹੋਰ ਬਿਰਖ ਕੱਟੇ ਜਾਣ ਲਗੇ। ਛੇ ਮਾਰਗੀ ਸੜਕ ਬਣ ਰਹੀ ਸੀ। ਉਹ ਜਾਮਣ ਦਾ ਭਾਰਾ ਬਿਰਖ ਵੀ ਕੱਟ ਦਿੱਤਾ ਗਿਆ, ਜਿਸ ਦੀ ਘਣੀ ਠੰਡੀ ਛਾਂ ਹੇਠ ਮੇਰੀ ਪਤਨੀ ਦੀਆਂ ਅਸਥੀਆਂ ਨਹਿਰ ਵਿਚ ਜਲ ਪ੍ਰਵਾਹ ਕੀਤੀਆਂ ਗਈਆਂ ਸਨ ਭਾਵੇਂ ਇਹ ਜਾਮਣ ਸੜਕ ਦੇ ਦੂਜੇ ਪਾਸੇ ਨਹਿਰ ਦੇ ਕਿਨਾਰੇ ਸੀ। ਪਰ ਇਹ ਜਾਮਣ ਬਹੁਤ ਪੁਰਾਣਾ ਤੇ ਬੁੱਢਾ ਹੋ ਚੁੱਕਾ ਸੀ, ਕਿਸੇ ਵੇਲੇ ਵੀ ਸੜਕ ਉੱਤੇ ਡਿੱਗ ਕੇ ਜਾਨੀ ਮਾਲੀ ਨੁਕਸਾਨ ਕਰ ਸਕਦਾ ਸੀ। ਸ਼ਾਇਦ ਏਸ ਕਾਰਨ ਇਹ ਜਾਮਣ ਕੱਟ ਦਿੱਤਾ ਗਿਆ ਸੀ।

ਮੇਰੀ ਪਤਨੀ ਦੀਆਂ ਅਸਥੀਆਂ ਜਲ ਪ੍ਰਵਾਹ ਦੀ ਨਿਸ਼ਾਨੀ ਮਿਟ ਚੁੱਕੀ ਸੀ। ਨਹਿਰ ਦਾ ਪਾਣੀ ਹੁਣ ਸਾਫ ਨਹੀਂ ਸੀ ਰਿਹਾ। ਨਹਿਰ ਦਾ ਪਾਣੀ ਹੁਣ ਲਾਸ਼ਾਂ ਢੋਅ ਰਿਹਾ ਸੀ। ਨਹਿਰ ਦੇ ਪੁਲ ਉੱਤੇ ਲਹਿੰਦੇ ਪਾਸੇ ਬੇਰੁਜ਼ਗਾਰ ਨੌਜਵਾਨ, 7 ਗਰੀਬ ਭੁੱਖ ਦੇ ਮਾਰੇ ਪਰਿਵਾਰ, ਬੇਸਹਾਰਾ ਬਿਮਾਰ ਬਿਰਧ, ਹਵਸੀ ਪੰਜਿਆਂ ਨਾਲ ਵਲੂੰਧਰੀਆਂ ਕੁੜੀਆਂ, ਹਰ ਰੋਜ਼ ਛਾਲਾਂ ਮਾਰ ਰਹੇ ਸਨ੍ਹ ਨਹਿਰ ਦਾ ਪਾਣੀ ਹੁਣ ਮੇਰੀ ਪਤਨੀ ਦੇ ਰਹਿਣ ਯੋਗ ਨਹੀਂ ਸੀ



ਰਿਹਾ।

ਨਵਚੇਤਨ ਮਾਛੀਵਾੜਾ ਵਿਖੇ ਰਹਿਣ ਲੱਗ ਪਿਆ ਸੀ। ਹੁਣ ਕਦੀ ਕਦੀ ਉਹ ਸਮਰਾਲਾ ਸ਼ਹਿਰ ਆਉਂਦਾ ਹੋਇਆ ਇਹ ਨਹਿਰ ਪਾਰ ਕਰਦਾ ਸੀ।

ਮਾਛੀਵਾੜਾ ਸੜਕ ਦੇ ਨੇੜੇ ਰੇਤੇ ਦੇ ਉੱਚੇ ਟਿੱਬੇ, ਟਰਾਲੀਆ ਰਾਹੀਂ ਸ਼ਹਿਰ ਦੇ ਨੀਵੇਂ ਪਲਾਟਾਂ ਵਿਚ ਪੈ ਗਏ ਸਨ। ਜਮੀਨ ਪੱਧਰੀ ਹੋ ਗਈ ਸੀ। ਪਰ ਸਮਾਜ ਵਿਚ ਗ਼ਰੀਬ ਮਜਦੂਰ, ਕਿਰਤੀ ਹੋਏ ਹੋਰ ਨੀਵੇਂ ਹੋ ਗਏ ਸਨ। ਚੱਪੇ ਚੱਪੇ ਉੱਤੇ ਧਰਮ ਅਸਥਾਨ, ਗਰੁੱਪ ਆਫ ਕਾਲਜਿਜ ਬਣ ਗਏ ਸਨ। ਬਾਬੇ ਯੋਗੀਆਂ, ਸਵਾਮੀਆਂ, ਸਾਧਾਂ, ਬਾਪੂਆਂ, ਧਾਗੇ ਤਵੀਤਾਂ, ਪੁੱਛਾਂ, ਚੌਕੀਆਂ ਭਰਨ ਅਤੇ ਸਵਾਹ ਦੀਆਂ ਪੁੜੀਆਂ ਨਾਲ ਇਲਾਜ ਕਰਨ ਵਾਲਿਆਂ ਦੇ ਮੱਕੇ ਸਥਾਨ ਸਥਾਪਿਤ ਹੋ ਗਏ ਸਨ।

ਪਹਿਲਾਂ ਮੂੰਗਫਲੀ ਤੋਂ ਸਿਵਾ ਹੋਰ ਕੋਈ ਫਸਲ ਨਹੀਂ ਸੀ ਹੁੰਦੀ। ਹੁਣ ਹਰ ਫਸਲ ਹੁੰਦੀ ਹੈ, ਸਵਾਏ ਮੂੰਗਫਲੀ ਦੇ। ਟਿਊਬਵੈੱਲ ਥਾਂ ਥਾਂ ਲੱਗੇ ਹਨ। ਮੱਕੀ, ਕਣਕ ਦੀ ਭਰਪੂਰ ਫ਼ਸਲ ਹੁੰਦੀ ਹੈ। ਦਾਣਾ ਮੰਡੀ ਵਿਚ ਕਈ ਕਈ ਦਿਨ ਕਿਸਾਨ ਨੂੰ ਕਣਕ ਤੇ ਝੋਨੇ ਦੇ ਸਿਰਹਾਣੇ ਬੈਠਣਾ ਪੈਂਦਾ ਹੈ। ਆੜਤੀ, ਸ਼ਾਹੂਕਾਰ, ਬਾਣੀਆਂ, ਅਫ਼ਸਰ, ਹਟਵਾਣੀਆਂ, ਕਿਸਾਨ ਦੀ ਆਮਦਨੀ ਹਥਿਆ ਲੈਂਦੇ ਹਨ। ਕਿਸਾਨ ਦੀ ਜੇਬ ਵਿਚ ਰੇਟ ਹੁੰਦੀ ਹੈ, ਭਾਵੇਂ ਖੇਤਾਂ ਵਿਚ ਹੁਣ ਰੇਤ ਨਹੀਂ ਰਹੀ।

ਮਾਛੀਵਾੜਾ ਸੀਵਰੇਜ ਪੈ ਰਿਹਾ ਸੀ। ਕੁਝ ਸਾਲ ਸੜਕਾਂ ਪੁੱਟੀਆਂ ਰਹੀਆ, ਆਵਾਜਾਈ ਵਿਚ ਵਿਘਨ ਪਿਆ। ਰਿਹਾ ਨੇੜੇ ਦਾ ਕਾਰੋਬਾਰ ਪ੍ਰਭਾਵਤ ਰਿਹਾ। ਰੋਡ ਉੱਤੇ ਮੋਟੇ ਮੋਟੇ ਪੱਥਰ ਖਿਲਰੇ ਦੇ ਹਨ, ਟੋਏ ਹਨ। ਲੋਕਾਂ ਦੇ ਪੈਰ ਜ਼ਖਮੀ ਹੁੰਦੇ ਹਨ ਅਤੇ ਵਾਹਨਾਂ ਦੇ ਟਾਇਰ ਪਾੜਦੇ ਹਨ। ਮਾਛੀਵਾੜਾ ਸਾਹਿਰ ਪਵਿੱਤਰ ਸ਼ਹਿਰ ਐਲਾਨ ਦਿੱਤਾ ਗਿਆ ਹੈ। ਗਲੀਆਂ ਭੀੜੀਆਂ ਹਨ-ਸੜਕਾਂ ਦੀ ਮੁਰੰਮਤ ਨਹੀਂ ਹੋ ਰਹੀ। ਸੜਕ ਉੱਤੇ ਟੋਏ ਹਨ, ਗੰਦਗੀ ਦੇ ਢੇਰ ਹਨ।

577 ਕਿਲੋਮੀਟਰ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਪਵਿੱਤਰ ਮਾਰਗ ਨਹੀਂ ਐਲਾਨਿਆ ਜਾ ਰਿਹਾ। ਇਸ ਮਾਰਗ ਉੱਤੇ ਸ਼ਰਾਬ ਦੇ 55 ਠੇਕੇ ਹਨ। ਅਕਾਲ ਤਖਤ ਦੇ ਜਥੇਦਾਰ ਸਾਹਿਬ ਨੇ 24 ਅਗਸਤ 2014 ਨੂੰ ਬਾਦਲ ਸਰਕਾਰ ਨੂੰ ਮੰਗ ਭੇਜੀ ਸੀ ਕਿ ਗੋਬਿੰਦ ਸਿੰਘ ਮਾਰਗ ਨੂੰ ਪਵਿੱਤਰ ਮਾਰਗ ਐਲਾਨਿਆ ਜਾਵੇ ਅਤੇ ਇਸ ਮਾਰਗ ਉੱਤੇ ਚੱਲ ਦੇ ਸ਼ਰਾਬ ਦੇ ਠੇਕੇ ਏਥੋਂ ਉੱਠਾਏ ਜਾਣ। ਪਰ ਪੰਜਾਬ ਸਰਕਾਰ ਨੇ ਅਕਾਲ ਤਖ਼ਤ ਦਾ ਹੁਕਮ ਮੰਨਣ ਬਾਰੇ ਹਾਲੀ ਕੋਈ ਐਲਾਨ ਨਹੀਂ ਕੀਤਾ, ਕਿਉਂਕਿ ਸਰਕਾਰ ਸ਼ਰਾਬ ਤੋਂ ਹੋ ਰਹੀ ਆਮਦਨ ਦੇ ਸਹਾਰੇ ਹੀ ਚਲ ਰਹੀ ਹੈ। ਸਰਾਬ ਹੀ ਤਾਂ ਆਮਦਨੀ ਦਾ ਮੁੱਖ ਸਾਧਨ ਹੋ

ਸ੍ਰੀ ਮਾਛੀਵਾੜਾ ਸਾਹਿਬ ਨੂੰ ਜਾਂਦੀ ਸੜਕ ਉੱਤੇ ਮੇਰਾ ਘਰ ਹੈ। ਨੇੜੇ ਹੀ ਗੁਰੂ ਗੋਬਿੰਦ ਮਾਰਗ ਦਾ ਦਰ ਹੈ।ਇਸ ਸੜਕ ਦਾ ਵਾਸੀ ਹੋਣ ਦਾ ਮੈਨੂੰ ਮਾਣ ਹੈ। ਕਿਰਤੀ ਕਲਮ ਦੇ ਪਸੀਨੇ ਨਾਲ ਮੱਥਾ ਮੇਰਾ ਤਰ ਹੈ। ਮਿੱਤਰ ਪਿਆਰੇ ਤੇ ਦੀਨਾ ਕਾਂਗੜ ਦੇ ਬੋਲਾਂ ਦਾ ਕਵਿਤਾ ਭਵਨ ਨੂੰ ਵਰ ਹੈ। ਕਵਿਤਾ ਭਵਨ ਵਿੱਚ ਤੁਹਾਡਾ ਸਵਾਗਤ ਹੈ।

ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲ 1-94638-08697

# ਕਾਵਿ ਸੰਸਾਰ

## ਮੁੱਕ ਜਾਂਦੀਆਂ ਮਾਵਾਂ

ਪ੍ਰੋ. ਕੁਲਵੰਤ ਸਿੰਘ ਔਜਲਾ



ਮੁੱਕ ਜਾਂਦੀਆਂ ਮਾਵਾਂ ਤੀਲਾ ਤੀਲਾ ਜੋੜਦੀਆਂ
ਕਿਸਰਾਂ ਕਰ ਕਰਕੇ ਆਲ੍ਹਣੇ ਬਣਾਉਣ
ਨਿੱਕੇ ਨਿੱਕੇ ਖ਼ਾਬ ਮਸਤਕਾਂ ਵਿੱਚ ਉਗਾਉਣ
ਉਠਦਿਆਂ ਬਹਿੰਦਿਆਂ ਸਭਦਾ ਭਲਾ ਲੋੜਦੀਆਂ
ਮੁੱਕ ਜਾਂਦੀਆਂ ਮਾਵਾਂ ਤੀਲਾ ਤੀਲਾ ਜੋੜਦੀਆਂ
ਵਾਢੀਆਂ ਵੀ ਕਰਨ ਤੇ ਨੱਕੇ ਵੀ ਮੋੜਨ
ਮਜ਼ਲੂਮਾਂ ਮਾਸੂਮਾਂ ਦਾ ਦਿਲ ਹਰਗਿਜ਼ ਨਾ ਤੋੜਨ
ਅਚਰਜ ਬਾਤਾਂ ਇਹਨਾਂ ਦੇ ਓਹੜ ਪੋਹੜ ਦੀਆਂ
ਮੁੱਕ ਜਾਂਦੀਆਂ ਮਾਵਾਂ ਤੀਲਾ ਤੀਲਾ ਜੋੜਦੀਆਂ
ਚੁਲ੍ਹਿਆਂ ਦੀ ਅੱਗ ਨਾਲ ਤਪ ਵੀ ਜਾਂਦੀਆਂ
ਮਾਂਜ ਮਾਂਜ ਕੇ ਭਾਂਡੇ ਖਪ ਵੀ ਜਾਂਦੀਆਂ
ਧੁੱਪਾਂ ਸੂਰਜ ਦੀਆਂ ਤੇ ਛਾਵਾਂ ਬੋਹੜ ਦੀਆਂ
ਮੁੱਕ ਜਾਂਦੀਆਂ ਮਾਵਾਂ ਤੀਲਾ ਤੀਲਾ ਜੋੜਦੀਆਂ

ਲੱਗਣ ਗਰੀਬਣੀਆਂ ਐਪਰ ਅੰਦਰੋਂ ਅਮੀਰ
ਮਾਵਾਂ ਅੰਦਰ ਜਾਪ ਕਰਦੇ ਜੋਗੀ ਤੇ ਫ਼ਕੀਰ
ਕੁਦਰਤ ਦਾ ਦਿੱਤਾ ਬਾਅਦਬ ਮੋੜਦੀਆਂ
ਮੁੱਕ ਜਾਂਦੀਆਂ ਮਾਵਾਂ ਤੀਲਾ ਤੀਲਾ ਜੋੜਦੀਆਂ
ਲਿੰਬਦੀਆਂ ਕੰਧਾਂ ਕੋਠੇ ਤੇ ਵਿਹੜੇ ਸੰਵਾਰਦੀਆਂ
ਜ਼ਿੰਦਗੀ ਦਾ ਬੁੱਧ ਮਾਵਾਂ ਕਦੇ ਨਾ ਹਾਰਦੀਆਂ
ਘਰ ਦੀ ਕਮਾਈ ਅਜਾਈਂ ਨਾ ਰੋਹੜਦੀਆਂ
ਮੁੱਕ ਜਾਂਦੀਆਂ ਮਾਵਾਂ ਤੀਲਾ ਤੀਲਾ ਜੋੜਦੀਆਂ

84377-88856
ਅੱਖਰ ਮੰਚ ਕਪੂਰਥਲਾ

◆◆◆



## ਜਿਹੜੀ ਰੱਖਦੀ ਯਾਦ ਸ਼ਹਾਦਤਾਂ ਨੂੰ

-ਪ੍ਰੋ. ਜਸਵੰਤ ਸਿੰਘ ਕੈਲਵੀ

ਜਿਹੜੀ ਕਰੇ ਸ਼ਹੀਦਾਂ ਦੀ ਬੇਕਦਰੀ, ਉਸ ਕੌਮ ਦੀ ਬੇੜੀ ਨਹੀਂ ਪਾਰ ਹੁੰਦੀ!
ਰੁਲ ਜਾਂਦੀ ਉਹ ਸਮੇਂ ਦੀ ਧੂੜ ਅੰਦਰ, ਲੀਰ-ਲੀਰ ਹੁੰਦੀ, ਤਾਰ ਤਾਰ ਹੁੰਦੀ!
ਮਿਟੇ ਆਬਰੂ, ਅਣਖ ਤੇ ਸ਼ਾਨ ਉਸਦੀ, ਉਹਦੇ ਵਿਹੜੇ ਨਹੀਂ ਕਦੇ ਬਹਾਰ ਹੁੰਦੀ!
ਉਹ ਨਹੀਂ ਜਿੱਤਦੀ ਕਦੇ ਮੈਦਾਨ ਅੰਦਰ ਇੱਕ ਹਾਰ ਪਿੱਛੋਂ, ਦੂਜੀ ਹਾਰ ਹੁੰਦੀ!
ਸੁਣੋ ਵੀਰੋ! ਮੈਂ ਕੂਕ ਕੇ ਆਖਦਾ ਹਾਂ, ਜੀਂਦਾ ਆਦਮੀ ਜੀਹਦੇ ਵਿੱਚ ਜਾਨ ਹੋਏ
ਜਿਹੜੀ ਰੱਖਦੀ ਯਾਦ ਸ਼ਹਾਦਤਾਂ ਨੂੰ, ਉਸ ਕੌਮ ਦਾ ਜੱਗ ਵਿੱਚ ਮਾਣ ਹੋਏ!

ਖ਼ਤਰੇ ਦੇਸ਼ ਦੇ ਸਾਹਮਣੇ ਬਹੁਤ ਭਾਰੀ, ਏਹਨੂੰ ਆਪਣੇ ਲੁੱਟ ਲੁੱਟ ਖਾ ਰਹੇ ਨੇ
ਭ੍ਰਿਸ਼ਟਾਚਾਰੀਆਂ ਜੜੀਂ ਹੈਂ ਤੇਲ ਦਿੱਤਾ, ਏਹਦੇ ਮਹਿਲ ਦੇ ਕਿੰਗਰੇ ਢਾਹ ਰਹੇ ਨੇ
ਧਰਮ, ਜਾਤ, ਤੇ ਮਜ਼ਹਬ ਦੇ ਨਾਂ ਉਤੇ, ਨੇਤਾ ਕੁਰਸੀ ਲਈ ਸਿਰ ਪੜਵਾ ਰਹੇ ਨੇ
ਆਓ ਅਸੀਂ ਪਹਿਚਾਣੀਏ ਉਹ ਚਿਹਰੇ, ਪਿਆਲੇ ਜ਼ਹਿਰ ਦੇ ਜਿਹੜੇ ਪਿਲਾ ਰਹੇ ਨੇ
ਪਹਿਰਾ ਦੇਈਏ ਸ਼ਹੀਦਾਂ ਦੀ ਸੋਚ ਉਤੇ, ਕਿਉਂ 'ਕੈਲਵੀ' ਉਹ ਕੁਰਬਾਨ ਹੋਏ?
ਜਿਹੜੀ ਰੱਖਦੀ ਯਾਦ ਸ਼ਹਾਦਤਾਂ ਨੂੰ, ਉਸ ਕੌਮ ਦਾ ਜੱਗ ਵਿੱਚ ਮਾਣ ਹੋਏ।

ਬੀ-597, ਰਣਜੀਤ ਐਵੀਨਿਊ ਅੰਮ੍ਰਿਤਸਰ-143001
ਮੋਬ. 98783-81474

◆◆◆

## ਆਜ਼ਾਦੀ ਦਿਹਾੜੇ 'ਤੇ

ਪ੍ਰਤਾਪ ਪਾਰਸ ਗੁਰਦਾਸਪੁਰੀ



ਅੱਜ ਆਜ਼ਾਦੀ ਦਿਹਾੜਾ ਸੀ,
ਜਗ੍ਹਾ-ਜਗ੍ਹਾ ਜਸ਼ਨ ਮਨਾਏ ਗਏ,
ਬਹੁਤ ਕੁਝ ਹੋਇਆ,
ਝਾਕੀਆਂ, ਗਿੱਧੇ, ਭੰਗੜੇ ਵਗੈਰਾ ਵਗੈਰਾ,
ਸਰਕਾਰੀ ਨੁਮਾਇੰਦਿਆਂ ਨੇ ਗਿਣਾਈਆਂ,
ਵਿਰੋਧੀਆਂ ਦੀਆਂ ਨਾਕਾਮੀਆਂ ਤੇ ਆਪਣੀਆਂ ਪ੍ਰਾਪਤੀਆਂ,
ਬਹੁਤ ਕੁਝ ਦਿੱਤਾ ਜਨਤਾ ਨੂੰ,

ਪਰ ਕਾਗਜ਼ਾਂ ਵਿੱਚ।
ਇਸ ਸਾਰੇ ਸ਼ੋਰ ਸ਼ਰਾਬੇ ਵਿੱਚ
ਇੱਕ ਦੋ ਵਾਰ ਨਾਮ ਆਇਆ,
ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਵੀ,
ਪਰ ਉਨ੍ਹਾਂ ਧੀਆਂ ਨੂੰ ਕਿਸੇ ਨਹੀਂ ਯਾਦ ਕੀਤਾ
ਜਿਨ੍ਹਾਂ ਧੀਆਂ ਨੇ ਇਸ 'ਆਜ਼ਾਦੀ' ਮਿਲੀ ਤੋਂ,
ਆਪਣੇ ਹਿੱਸੇ ਆਏ ਵਤਨ ਨੂੰ ਆਉਂਦਿਆਂ ਤੇ ਜਾਂਦਿਆਂ,
ਮਜ਼੍ਹਬੀ ਦਰਿੰਦਿਆਂ ਤੋਂ ਆਪਣੀਆਂ ਇੱਜ਼ਤਾਂ ਬਚਾਉਣ ਲਈ
ਕਿਸੇ ਨਹੀਂ ਯਾਦ ਕੀਤਾ ਉਸ ਬਾਪ ਨੂੰ,
ਜਿਸਦੇ ਸਾਹਮਣੇ ਉਸਦੇ ਪਰਿਵਾਰ ਦੇ ਡੱਕਰੇ ਕਰ ਦਿੱਤੇ
ਸਿਰਫ਼ ਚੰਦ ਛਿੱਲੜਾਂ ਕਰਕੇ।
ਤੇ ਕਿਸੇ ਯਾਦ ਨਹੀਂ ਕੀਤਾ ਉਸ ਬਜ਼ੁਰਗ,
ਜਿਸ ਨੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਵਿੱਚੋਂ ਵੇਖਿਆ ਸੀ,
ਵਗਦੇ ਰਾਵੀ ਦਰਿਆ ਦੇ ਪਾਣੀ ਦਾ ਉਹ ਲਾਲ ਰੰਗ,
ਜਿਸ ਵਿਚ ਖ਼ੂਨ ਸੀ ਮਾਵਾਂ ਦੀਆਂ ਛਾਤੀਆਂ ਨਾਲੋਂ ਲਾਹ ਕੇ
ਵੱਡੇ ਦੁੱਧ ਪੀਂਦੇ ਬਾਲ, ਬਾਲੜੀਆਂ ਦਾ।
ਜੇ ਇਹ ਸਭ ਕੁਝ ਯਾਦ ਕਰਦੇ ਤਾਂ
ਸ਼ਾਇਦ ਕਿੱਕਲੀ ਕਲੀਰ ਦੀ, ਧਮਾਲ ਤੇ ਨੁਮਾਇਸ਼ਾਂ ਨਾ ਲੱਗਦੀਆਂ।
ਤੇ ਸਿਰਫ਼ ਪ੍ਰਦਰਸ਼ਨੀਆਂ ਹੀ ਲੱਗਦੀਆਂ,
ਦੇਸ਼ ਦੀ ਵੰਡ ਵੇਲੇ ਦੇ ਮੰਜ਼ਰ ਦੀਆਂ।

787/ 10, **ਨੇੜੇ ਮਹਿਤਾ ਪੀ.ਸੀ.ਓ.**
**ਗੁਰਦਾਸਪੁਰ**
**ਫ਼ੋਨ** 99888-11681

◆◆◆

## ਇੱਕ ਕੰਮ ਤੁਹਾਡਾ ਹੈ

**-ਸੁਖਦੇਵ ਸਿੱਧ**

ਰੋਜ਼ ਹੀ ਆ ਕੇ ਗੀਤ ਸੁਨਾਉਣਾ, ਇਹ ਕੰਮ ਤੁਹਾਡਾ ਹੈ।
ਤਿੜਕੇ ਦਿਲ ਨੂੰ ਜੋੜ ਵਿਖਾਉਣਾ, ਇਹ ਕੰਮ ਤੁਹਾਡਾ ਹੈ।



ਤੂੰ ਐਪਰ ਇੱਕ ਮਹਿਕ ਵੇਲ ਹੈਂ, ਲਿਆ ਸੁਗੰਧੀਆਂ ਧਰ ਦੇਵੇਂ
ਗੁਟਕ ਗੁਟਕ ਤੂੰ ਝੂੰਮੀ ਜਾਵੇਂ, ਖਲਾਅ ਵਿੱਚ ਮਸਤੀ ਭਰ ਦੇਵੇਂ
ਮੱਲੋ ਮਲੀ ਸਦਕੇ ਹਾਂ ਕਰਾਉਣਾ, ਇਹ ਕੰਮ ਤੁਹਾਡਾ ਹੈ।

ਸ਼ੀਸ਼ਾ ਬਣਕੇ ਜੁਲਫ਼ਾਂ ਰੁਮਕਣ, ਭਖ ਉਠਦਾ ਉਦੋਂ ਚਿਹਰਾ
ਹਰ ਇੱਕ ਰਾਹੀ ਡੰਡੀਆਂ ਭੁੱਲ ਕੇ, ਕਾਇਲ ਹੋ ਜਾਂਦੇ ਏ ਤੇਰਾ,
ਕਦੇ ਹੱਥ ਨਾ ਔਣਾ, ਰੱਜ ਸਤਾਉਣਾ, ਇਹ ਕੰਮ ਤੁਹਾਡਾ ਹੈ।

ਫੁੱਲਾਂ ਟਾਹਣੀਆਂ ਵਿੱਚੋਂ ਲੰਘਦੀ, ਤੂੰ ਸੰਗੀਤ ਹਵਾਵਾਂ ਛੇੜ ਦਵੇਂ।
ਭਰੇ ਦਰਿਆਵਾਂ ਤਾਰੀਆਂ ਲਾ, ਕਿਸ਼ਤੀਆਂ ਦੇ ਮੂੰਹ ਗੇੜ ਦਵੇਂ
ਹੁਸਨ ਦਾ ਜਾਦੂ ਸਿਰੇ ਚੜ੍ਹਾਉਣਾ, ਇਹ ਕੰਮ ਤੁਹਾਡਾ ਹੈ।

ਹਰ ਇੱਕ ਘਟਨਾ ਦਰਜ ਹੈ ਮੈਨੂੰ, ਹਰ ਪੰਨਾ ਇਹਦੀ ਗਵਾਹੀ,
ਵਕਤਾਂ ਦਾ ਪਹੀਆ ਫ਼ੁਰਸਤ ਮੰਗਦਾ, ਅਤੇ ਦਾਰੂ ਜਿਵੇਂ ਸੁਰਾਹੀ,
ਵੱਜੇ ਬੰਸਰੀ ਸੁਰ ਵਿੱਚ ਆਉਣਾ, ਇਹ ਕੰਮ ਤੁਹਾਡਾ ਹੈ।

**ਪਿੰਡ ਤੇ ਡਾ. ਸਿਧਵਾਂ ਦੋਨਾਂ**
(**ਕਪੂਰਥਲਾ**) 144625
98886-33481

◆◆◆

## ਚੰਗਾ ਨਹੀਂ ਹੁੰਦਾ

**ਮਲਕੀਤ ਦਰਦੀ**



ਕਿਸੇ ਦਾ ਦਿਲ ਦੁਖਾਉਣਾ ਚੰਗਾ ਨਹੀਂ ਹੁੰਦਾ।
ਲੂਣ ਜ਼ਖਮਾਂ 'ਤੇ ਪਾਉਣਾ ਚੰਗਾ ਨਹੀਂ ਹੁੰਦਾ।

ਸੱਚਾਈ ਮੂੰਹ 'ਤੇ ਕਹਿਣੀ ਲੱਖ ਚੰਗੀ ਹੈ,
ਛੁਰੀ ਬਗਲ ਛੁਪਾਉਣਾ ਚੰਗਾ ਨਹੀਂ ਹੁੰਦਾ।

ਜਿੱਥੇ ਆਸ ਨਾ ਹੋਵੇ ਦਵਾ ਮਲ੍ਹਮ ਦੀ,
ਉਥੇ ਜ਼ਖਮ ਦਿਖਾਉਣਾ ਚੰਗਾ ਨਹੀਂ ਹੁੰਦਾ।

ਜਿਸ ਰੁੱਸਕੇ ਵੀ ਹੈ ਵਾਰ ਵਾਰ ਰੁੱਸਣਾ,
ਜ਼ਿੱਦੀ ਬੰਦੇ ਨੂੰ ਮਨਾਉਣਾ ਚੰਗਾ ਨਹੀਂ ਹੁੰਦਾ।

ਮੂੰਹ ਤੋੜ ਜਵਾਬ ਹੈ ਜ਼ਾਲਮ ਨੂੰ ਦੇਣਾ,
ਮੂਹਰੇ ਸਿਰ ਨਿਵਾਉਣਾ ਚੰਗਾ ਨਹੀਂ ਹੁੰਦਾ।

ਦੁਖੀ ਪਰਜਾ ਹੀ ਜਦ ਕਰ ਦੇਵੇ ਬਗਾਵਤ,
ਲੋਕ ਰੋਹ ਦਬਾਉਣਾ ਚੰਗਾ ਨਹੀਂ ਹੁੰਦਾ।

ਜ਼ਖਮੀ ਇਨਸਾਨ ਤੋਂ ਜੋ ਪਾਸੇ ਲੰਘ ਜਾਂਦੇ ਨੇ,
ਮਗਰੋਂ 'ਦਰਦੀ' ਅਖਵਾਉਣਾ ਚੰਗਾ ਨਹੀਂ ਹੁੰਦਾ।

**ਟੀ-2/ 359, ਰਣਜੀਤ ਸਾਗਰ ਡੈਮ,**
**ਸ਼ਾਹਪੁਰ ਕੰਡੀ, ਟਾਊਨਸ਼ਿਪ-145029, ਪਠਾਨਕੋਟ**
**ਮੋ. 73474-48902**

◆◆◆

## ਬਦਲਦੇ ਮੌਸਮ

**ਸੁਖਮਿੰਦਰ ਸੇਖੋਂ**

ਪਲਕਾਂ ਝਪਕਦੇ ਹੀ
ਮੌਸਮ ਤਬਦੀਲ ਹੋ ਗਿਆ
ਅੱਖਾਂ ਵਿੱਚ ਪਿਆਰ ਉਮੜਿਆ
ਚਿਹਰਿਆਂ 'ਤੇ ਆਈ ਝਰਨਾਹਟ
ਛਾਇਆ ਚੌਂਹ ਤਰਫ਼ ਮਧਹੋਸ਼ੀ ਦਾ ਆਲਮ।
ਪਲਕਾਂ ਝਪਕਦੇ ਹੀ
ਹਾਂਅ, ਅੱਖ ਝਪਕਦੇ ਹੀ
ਛਾ ਗਏ ਕਾਲੇ ਬੱਦਲ
ਯਕੀਨਨ ਹੁਣ ਬਾਰਸ਼ ਹੋਵੇਗੀ
ਖੇਡਣਗੇ ਹੁਣ ਮੀਂਹ ਵਿੱਚ ਬੱਚੇ
ਪਾਉਣਗੇ ਹੁਣ ਖੌਰੂ
ਨੰਗੇ ਧੜ ਨੱਚਣਗੇ, ਟੱਪਣਗੇ
ਬੱਚਿਆਂ ਲਈ ਬਰਸਾਤ ਇਕ ਸੌਗਾਤ



ਪਾਣੀ-ਪਾਣੀ ਖੇਡਦੇ ਬੱਚੇ
ਗਾਉਣਗੇ ਗੀਤ
ਰੱਬਾ-ਰੱਬਾ ਮੀਂਹਬਰਸਾ
ਸਾਡੀ ਕੋਠੀ ਦਾਣੇ ਪਾ
ਦੱਬ ਕੇ, ਰੱਬਾ-ਰੱਬਾ ਮੀਂਹ ਬਰਸਾ
ਸ਼ਾਇਦ ਇਵੇਂ ਹੀ
ਹੌਲੀ ਹੌਲੀ ਜਾਗਦੇ ਨੇ ਲੋਕ
ਬਦਲਦੇ ਨੇ ਮੌਸਮ
ਤਦਬੀਰਾਂ ਨਾਲ ਬਦਲਦੀਆਂ ਤਕਦੀਰਾਂ।

**ਮਕਾਨ ਨੰ. 5, ਘੁੰਮਣ ਨਗਰ, ਗਲੀ ਨੰਬਰ. 8**
**ਸਰਹਿੰਦ ਰੋਡ, ਪਟਿਆਲਾ-147004**
**ਮੋ. 98145-07693**

◆◆◆

## ਚਿੜੀਆਂ ਤੇ ਕੁੜੀਆਂ

**ਹਰਭਜਨ ਸਿੰਘ ਖੇਮਕਰਨੀ**

ਝੁੰਡ ਚਿੜੀਆਂ ਦਾ ਬੋਟਾਂ ਦਾ ਫ਼ਿਕਰ
ਝੁੰਡ ਕੁੜੀਆਂ ਦਾ ਬੱਚਿਆਂ ਦਾ ਜ਼ਿਕਰ
ਆਪਣੀ ਮਾਂ ਉਡੀਕਦੇ ਬੋਟ
ਚੀਂ ਚੀਂ ਕਰਦੇ ਮੂੰਹ ਅੱਡਦੇ
ਕੁੱਝ ਖਾਣ ਨੂੰ ਮੰਗਦੇ
ਭੁੱਖ ਸਤਾਉਂਦੀ ਮਾਂ ਯਾਦ ਆਉਂਦੀ
ਹਨ੍ਹੇਰੀ ਝੁੱਲਦੀ ਡਿਗਣੋਂ ਡਰਦੇ।
ਕਦੇ ਦੁਸ਼ਮਣ ਦਾ ਬਣਨ ਗਰਾਹ
ਦਮ ਦਾ ਕੀ ਵਿਸਾਹ
ਕੁਝ ਪਲਦੇ ਕੁਝ ਮਰਦੇ
ਆਪਣੀ ਹੋਂਦ ਲਈ ਸੰਘਰਸ਼ ਕਰਦੇ
ਕਦੇ ਨਾ ਹਰਦੇ।
ਮਾਂ ਦੀ ਮਮਤਾ ਬੱਚਿਆਂ ਖ਼ਾਤਰ
ਸਭ ਦੁੱਖ ਜਰਦੀ ਹਉਂਕੇ ਭਰਦੀ

ਜ਼ਾਲਮ ਨਾਲ ਲੜਦੀ
ਜ਼ੁਲਮ ਨਾਲ ਦੋ ਦੋ ਹੱਥ ਕਰਦੀ।
ਪਰ ਜਿਸ ਹੱਥ ਹੁੰਦਾ ਹਾਥੀ ਕੁੰਡਾ
ਲੈਣ ਨਾ ਦੇਵੇ ਮਰਜ਼ੀ ਨਾਲ ਸਾਹ
ਅਕਸਰ ਸਿਕਦਾ ਰਹਿੰਦੈ
ਸੋਟੀ ਨਾਲ ਤਨ, ਸ਼ਬਦਾਂ ਨਾਲ ਮਨ।
ਹਉਕਾ ਲੈ ਕੇ ਸਭ ਕੁਝ ਸਹਿ ਕੇ
ਕਿਸਮਤ ਵਿੱਚ ਲਿਖਿਆ ਮੰਨ ਕੇ
ਅੱਖਾਂ ਦਾ ਪਾਣੀ ਉਹ ਪੀ ਜਾਵੇ
ਪਰ ਬੱਚਿਆਂ ਨੂੰ ਹਿੱਕ ਨਾਲ ਲਾਵੇ।

**4381-ਏ, ਰਣਜੀਤਪੁਰਾ**
**ਪੁਤਲੀਘਰ, ਅੰਮ੍ਰਿਤਸਰ-143002**
**ਮੋ. 98781-31525**

◆◆◆

## ਜੁੰਗਨੂੰਆਂ ਨੇ ਚਾਨਣ ਕਰਨਾ ਏ

**ਰਜਿੰਦਰ ਵਰਮਾ, 99142-21910**

ਜੁੰਗਨੂੰਆਂ ਨੇ ਚਾਨਣ ਕਰਨਾ ਏ।
ਨਾ ਉਨ੍ਹਾਂ ਹਨ੍ਹੇਰੇ ਕੋਲੋਂ ਡਰਨਾ ਏ।
ਮਿਲਿਆ ਨਾ ਮੰਗਿਆਂ ਹੱਕ ਉਨ੍ਹਾਂ ਨੂੰ,
ਮਟਕਾ ਚੌਂਕ 'ਚ ਲਾਇਆ ਧਰਨਾ ਏ।
ਸਫ਼ਰ ਹੋਊ ਲੰਬਾ ਜਿੰਨਾ ਦੇ ਪੈਰਾਂ ਵਿੱਚ,
ਲੱਖ ਮੁਸੀਬਤਾਂ ਕੋਲੋਂ ਨਾ ਉਨ੍ਹਾਂ ਹਰਨਾ ਏ।
ਜ਼ੁਲਮ ਵਿਰੁੱਧ ਉਨ੍ਹਾਂ ਸੜਕਾਂ ਤੇ ਉਤਰ ਆਉਣੈ,
ਕਿੰਨਾ ਕੁ ਭਲਾ ਜ਼ੁਲਮ ਹੋਰ ਉਨ੍ਹਾਂ ਜ਼ਰਨਾ ਏ।
ਪਰਿੰਦਿਆਂ ਫ਼ਸਲ ਉਜਾੜ ਦੇਣੀ ਏ 'ਅੰਨਦਾਤੇ' ਦੀ
ਤਾਹੀਓਂ ਉਸ ਖੇਤ 'ਚ ਗੱਡਿਆ ਅੱਜ ਡਰਨਾ ਏ।

**326, ਗੁਰੂ ਗੋਬਿੰਦ ਸਿੰਘ ਨਗਰ,**
**ਗਲੀ ਨੰ. 8/ 6, ਨਿਊ ਸ਼ਿਮਲਾ ਪੁਰੀ**
**ਲੁਧਿਆਣਾ 141003**



## ਬਲਿਹਾਰੀ ਕੁਦਰਤ ਵੱਸਿਆ

**ਸਰਬ ਸਿਦਕ**



ਇਹ ਧਰਤੀ, ਇਹ ਅੱਗ ਤੇ ਪਾਣੀ,
ਸਭ ਤੇਰੇ ਜਾਏ ਨੇ।
ਤੂੰ ਸਭ ਦਾ ਇੱਕ ਕਾਦਰ ਹੈਂ
ਬਾਕੀ ਸਭ ਪਰਾਏ ਪਰਾਏ ਨੇ।
ਮੈਂ ਤੇਰਾ ਬੰਦਾ, ਤੇਰੇ ਨਾਂ 'ਤੇ ਸੀਸ ਝੁਕਾਵਾਂ
ਰੱਬਾ! ਤੇਰੇ ਹੀ ਗੁਣ ਗਾਵਾਂ।
ਹਵਾ ਚੱਲੇ ਤਾਂ ਸਾਹ ਆਵੇ
ਰੁੱਖਾਂ ਦੀ ਠੰਡੀ ਛਾਂ।
ਰਾਤ ਤਾਰੇ, ਚੰਦ ਰੌਣਕ ਲਾਉਂਦੇ
ਦਿਨੇ ਸੂਰਜ ਅਤੇ ਧਰਤੀ ਮਾਂ।
ਭਾਂਤ-ਭਾਂਤ ਦੀਆਂ ਮਹਿਫ਼ਲਾਂ, ਮੈਂ ਗੁਣ ਗੁਣਾਵਾਂ
ਦਾਤਿਆ! ਤੇਰੇ ਹੀ ਗੁਣ ਗਾਵਾਂ।
ਅੱਧ ਅਸਮਾਨੇ ਉਚੇ ਪਰਬਤ,
ਕਿਧਰੇ ਡੂੰਘੀਆਂ ਡੂੰਘੀਆਂ ਖੱਡਾਂ।
ਹਰਿਆਲੀ ਦੀ ਚਾਦਰ ਉੱਡੇ।
ਕੀ ਕੀ ਬੋਲਾਂ, ਕੀ ਕੀ ਛੱਡਾਂ!
ਰੂਹਾਨੀ ਦਾਤਾਂ ਦਾ ਮਜ਼ਬ ਪਰਛਾਵਾਂ
ਮਾਲਕਾ! ਤੇਰੇ ਹੀ ਗੁਣ ਗਾਵਾਂ।
ਲੋਆਂ ਚੱਲਣ ਫਿਰ ਬੱਦਲ ਆਉਣ,
ਨਾਤਾ ਤਾਂ ਕੋਈ ਹੋਣਾ ਹੈ।
ਮੈਂ ਐਂਵੇ ਟਾਹਰਾਂ ਪਿਆ ਮਾਰਾਂ
ਇਸੇ ਦਾ ਹੀ ਰੋਣਾ ਹੈ।
ਨਿਮਰ ਰੱਖੀਂ ਸਰਬ ਨੂੰ, ਤੇਰੇ ਤਰਲੇ ਪਾਵਾਂ
ਕਾਦਰ! ਤੇਰੇ ਹੀ ਗੁਣ ਗਾਵਾਂ।

**ਵਾਰਡ ਨੰ. 7, ਬੇਗੋਵਾਲ**
**(ਕਪੂਰਥਲਾ)**
**ਮੋਬ. 82830-85988**

◆◆◆

# .ਗ਼ਜ਼ਲ ਸੱਥ

## ਪ੍ਰੋ. ਗੁਰਭਜਨ ਗਿੱਲ



ਬਹੁਤ ਹਾਲੇ ਅਣਕਿਹਾ, ਲਿਖਿਆ ਨਹੀਂ ਪੜ੍ਹਿਆ ਨਹੀਂ।
ਕੰਢੇ ਕੰਢੇ ਫਿਰ ਰਿਹਾਂ, ਸਾਗਰ 'ਚ ਮੈਂ ਵੜਿਆ ਨਹੀਂ।
ਬੇ ਸ਼ਨਾਸੇ, ਹੀਰੇ ਨੂੰ ਪੱਥਰ ਜਿਹਾ ਹੀ ਸਮਝਦੇ,
ਜੌਹਰੀਆਂ ਦੀ ਨਜ਼ਰ ਉਤੇ, ਮੈਂ ਅਜੇ ਚੜ੍ਹਿਆ ਨਹੀਂ।
ਜੇ ਅਜੇ ਮੈਂ ਰੜਕਦਾ ਹਾਂ, ਦੋਸ਼ ਇਹ ਵੀ ਵਕਤ ਦਾ,
ਚਾੜ੍ਹ ਕੇ ਚੱਕ ਓਸ ਮੈਨੂੰ, ਠੀਕ ਜੇ ਘੜਿਆ ਨਹੀਂ।
ਤੂੰ ਰਹੀਂ ਵਿਸ਼ਵਾਸ ਪਾਤਰ, ਰੂਪ ਬਣਕੇ ਸਿਦਕ ਦਾ,
ਮੈਂ ਕਦੇ ਪਰਬਤ ਉਚੇਰੇ, ਸਾਥ ਬਿਨ ਚੜ੍ਹਿਆ ਨਹੀਂ.
ਤੂੰ ਗੁਆਇਆ ਚੈਨ ਮੇਰਾ, ਖੋਹ ਲਿਆ ਸਾਰਾ ਸਕੂਨ,
ਦੋਸ਼ ਬੇ ਬੁਨਿਆਦ ਐਵੇਂ, ਮੈਂ ਕਦੇ ਮੜ੍ਹਿਆ ਨਹੀਂ।
ਤੂੰ ਹਮੇਸ਼ਾਂ ਤਾਰਿਆਂ, ਨਾ ਮਾਰਿਆ, ਹੇ ਜ਼ਿੰਦਗੀ,
ਮੈਂ ਤੇਰੇ ਪੱਲੂ ਨੂੰ ਐਵੇਂ ਬੇ ਵਜ੍ਹਾ ਫੜਿਆ ਨਹੀਂ।
ਸ਼ਬਦ ਮੇਰੀ ਢਾਲ ਹੈ, ਕਿਰਪਾਨ ਵੀ ਤੇ ਧਰਮ ਵੀ,
ਮੈਂ ਨਿਗੂਣਾ ਜੰਗ, ਇਹਦੇ ਬਿਨ, ਕਦੇ ਲੜਿਆ ਨਹੀਂ।

**113-ਐਫ, ਸ਼ਹੀਦ ਭਗਤ ਸਿੰਘ ਨਗਰ,**
**ਪੱਖੋਵਾਲ ਰੋਡ, ਲੁਧਿਆਣਾ-141013,**
**ਮੋ. 98726-31199**

◆◆◆

## ਸੁਰਜੀਤ 'ਦੇਵਲ'

ਅਸੀਂ ਕਾਮਿਆਂ ਦੇ ਫ਼ਰਜੰਦ।
ਹੁੰਦਾ ਸ਼ੋਸਣ ਕਰਨਾ ਬੰਦ।

ਰੱਖੋ ਕਰ ਦੋਫਾੜ ਨੇਤਾ,
ਵੇਖ ਕੇ ਲੋਕ ਅਮਨ ਪਸੰਦ।

ਖੋਹਣੇ ਹੱਕ ਅਸਾਂ ਆਪਣੇ,
ਕਰਕੇ ਜ਼ੇਰੇ ਅਸਾਂ ਬੁਲੰਦ।

ਦੁਖੀਆਂ ਦੇ ਦਰਦੀ ਬਣੋ,
ਨਾ ਗਰੀਬ ਤੇ ਕੱਢੋ ਦੰਦ।

ਰੱਖੇ ਨਾ ਜੋ ਖੁਸ਼ ਆਵਾਮ,
ਨਾ ਉਹ ਹਾਕਮ ਦਾਨਿਸ਼ਮੰਦ।

ਮੌਜ ਮਾਣਦੇ ਵੇਖ ਨਿਖੱਟੂ,
ਕਾਮੇ ਕਿਰਤੀ ਪਿੱਟਣ ਬੰਦ।

ਰੁੱਖੀ ਮਿਸੀ 'ਦੇਵਲ' ਛੱਕ,
ਆਖੇ ਆਯਾ ਬੜਾ ਅਨੰਦ।

**10ਬੀ/ 490 ਨੇੜੇ ਬਾਬਾ ਬਾਲਕ ਨਾਥ ਮੰਦਿਰ,**
**ਧੂਰੀ-148024 (ਸੰਗਰੂਰ), ਮੋ. 92563-67202**

◆◆◆

## ਸਰਦਾਰ ਪੰਛੀ

ਦੀਵੇ ਨਹੀਂ ਰਹੇ ਉਹ ਬਨੇਰੇ ਨਹੀਂ ਰਹੇ।
ਚੰਨ ਮਾਹੀ ਨੂੰ ਉਡੀਕਦੇ ਨੇ੍ਹਰੇ ਨਹੀਂ ਰਹੇ।

ਆਪਣਾ ਰਸੂਖ਼ ਪਾ ਲਿਆ ਲਾਲਚ ਦੇ ਸੇਕ ਨੇ,
ਤੇਰੀ ਤਲੀ ਤੇ ਅੱਥਰੂ ਮੇਰੇ ਨਹੀਂ ਰਹੇ।

ਬੇਗਾਨਗੀ ਨੇ ਸਾਰਿਆਂ ਨੂੰ ਗੋਦ ਲੈ ਲਿਆ,
ਹੁਣ ਮੇਰੀ ਅੱਖ 'ਚ ਅੱਥਰੂ ਤੇਰੇ ਨਹੀਂ ਰਹੇ।

ਦੇਂਦੇ ਸੀ ਜੋ ਸੁਨੇਹਾ ਸੂਰਜ ਦੇ ਆਉਣ ਦਾ,
ਹਰ ਛੱਤ ਤੇ ਬੈਠਦੇ ਉਹ ਸਵੇਰੇ ਨਹੀਂ ਰਹੇ।

ਸੁਣਦੇ ਸੀ ਚਾਟੀਆਂ 'ਚੋਂ ਜੋ ਮਧਾਣੀਆਂ ਦੇ ਗੀਤ,
ਹੁਣ ਓਸ ਰੰਗ ਦੇ ਤਾਂ ਵਡੇਰੇ ਨਹੀਂ ਰਹੇ।

ਸਾਬਤ ਸਬੂਤ ਰਹਿੰਦਿਆਂ ਸੀ ਲਾਵਾਂ ਮੌਤ ਤੱਕ;
ਉਹ ਸੱਚੀਆਂ ਸੁੱਚੀਆਂ ਲਾਵਾਂ ਤੇ ਫੇਰੇ ਨਹੀਂ ਰਹੇ।

ਜਿਨ੍ਹਾਂ ਨੂੰ ਸੁੱਚੀ ਜੱਫੀ ਉਤੇ ਫ਼ਖਰ ਮਾਣ ਸੀ;
ਉਹ ਪਿਆਰ ਭਿੱਜੀਆਂ ਬਾਹਾਂ ਦੇ ਘੇਰੇ ਨਹੀਂ ਰਹੇ।


ਜੋ ਸੁਣਕੇ ਸੁਰ ਰੰਗੀਲੇ ਨੱਚ ਉਠਦੇ ਨਾਰਾਂ ਸੀ;
ਉਹ ਮਸਤ ਕਰਦੀ ਬੀਨ, ਸਪੇਰੇ ਨਹੀਂ ਰਹੇ।

ਜੋ ਸੰਗਤ ਆਪਣੀ ਨੂੰ ਵੀ ਦੇਂਦੇ ਸੀ ਆਪਣੇ ਪਰ,
ਹੁਣ ਉਹਨਾਂ ਪੰਛੀਆਂ ਦੇ ਵੀ ਡੇਰੇ ਨਹੀਂ ਰਹੇ।

**ਜੇਠੀ ਨਗਰ ਮਾਲੇਰਕੋਟਲਾ, ਰੋਡ ਖੰਨਾ- 141401, ਪੰਜਾਬ**
**94170-91668**

◆◆◆

## ਭੁਪਿੰਦਰ ਸੰਧੂ



ਬਦਲ ਗਿਆ ਹੈ ਮੌਸਮ ਹੁਣ।
ਸੱਜਣਾ! ਸਾਡੀ ਗੱਲ ਵੀ ਸੁਣ।
ਭਾਵੇਂ ਚਿਹਰੇ ਹਸਦੇ ਹਨ,
ਸਾਡੇ ਅੰਦਰ ਲੱਗਾ ਘੁਣ।
ਮੇਰਾ ਪਿਆਰ ਪਵਿੱਤਰ ਹੈ,
ਭਾਵੇਂ ਦੁੱਧੋਂ ਪਾਣੀ ਪੁਣ।
ਆਸ਼ਿਕ ਲਈ ਜ਼ਰੂਰੀ ਹੈ,
ਸੀਸ ਇਸ ਲਈ ਦੇਣਾ ਹੁਣ।
ਮੇਰੇ ਸ਼ਹਿਰ ਦੇ ਘਰ-ਘਰ ਵਿੱਚ,
ਗੂੰਜ ਪਏ ਪਿਆਰਾਂ ਦੀ ਸੁਣ।
ਖਿਲਰੇ ਹੁਣ ਨਫ਼ਰਤ ਦੇ ਬੀਅ,
ਰਲ ਕੇ ਸਾਰੇ ਲਾਈਏ ਚੁਣ।
ਇਸ ਧਰਤੀ 'ਤੇ ਉਲਫ਼ਤ ਦਾ,
ਸੰਧੂ! ਦੇਣੈ ਤਾਣਾ ਬੁਣ।

**26118,ਗਲੀ ਨੰ. ਢਾਈ**
**ਅਮਰਪੁਰਾ ਬਸਤੀ, ਬਠਿੰਡਾ-151001**
**ਮੋ. 96461-08157**

◆◆◆



# ਗੀਤਾਂ ਦੀ ਗੂੰਜ

## ਟੀਸੀਆਂ ਦੇ ਬੇਰ

**ਪ੍ਰੋ. ਸਤਵਿੰਦਰ ਬੇਗੋਵਾਲੀਆ**



ਸੁਫ਼ਨੇ ਤਾਂ ਸੱਚ ਕਰ ਕੇ ਵਿਖਾਉਂਦੇ ਹਾਂ
ਜਿਧਰੋਂ ਵੀ ਜਾਈਏ ਨਵੇਂ ਰਾਹ ਬਣਾਉਂਦੇ ਹਾਂ।
ਪਾਣੀਆਂ ਦੇ ਮੁੱਖ ਅਸੀ ਮੋੜ ਦਿੰਦੇ ਹਾਂ।
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।
ਦੁਨੀਆਂ 'ਚ ਸਾਡੀ ਹੈ ਪਛਾਣ ਵੱਖਰੀ।
ਦੁਨੀਆਂ 'ਚ ਸਾਡੀ ਹੈ ਜ਼ੁਬਾਨ ਵੱਖਰੀ।
ਇਹਦੇ ਸਾਹਾਂ ਵਿੱਚ ਤਾਂ ਘੁਲੀ ਮਿਸ਼ਰੀ।
ਕਿਸੇ ਪਾਸਿਉਂ ਵੀ ਨਾ ਰਹੀ ਪੱਛੜੀ।
ਸ਼ਬਦਾਂ ਦੇ ਹਾਰ ਅਸੀਂ ਜੋੜ ਦਿੰਦੇ ਹਾਂ।
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਉੱਚੀਆਂ ਹਵਾਵਾਂ ਨੂੰ ਸਰ ਕਰਦੇ
ਕਿਸੇ ਦੀ ਚੜ੍ਹਤ ਹੋਏ ਨਹੀਂ ਸੜਦੇ।
ਖੁੱਲ੍ਹੇ ਦਿਲ ਵੇਖ ਦਰਿਆ ਡਰਦੇ
ਵੱਡੇ ਵੱਡੇ ਲੋਕ ਸਾਡਾ ਪਾਣੀ ਭਰਦੇ।
ਜ਼ਾਲਮਾਂ ਦੀ ਧੋਣ ਮਰੋੜ ਦਿੰਦੇ ਹਾਂ।
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਖੁਸ਼ੀਆਂ 'ਚ ਰਲ ਮਿਲ ਗੀਤ ਗਾਈਏ
ਆਪ ਨੱਚੀਏ ਹੋਰਾਂ ਨੂੰ ਨਚਾਈਏ
ਕਦੇ ਨਾ ਮੱਥੇ 'ਤੇ ਵੱਟ ਪਾਈਏ
ਘਰ ਆਏ ਨੂੰ ਹੱਸ ਕੇ ਬੁਲਾਈਏ।
ਕੱਚਿਆਂ ਨੂੰ ਤੋੜ ਵਿਛੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਸੰਪਰਕ 98154-65620

# ਸ਼ੇਅਰ

**ਬਲਵੀਰ ਸਿੰਘ ਭੱਲੀ**

ਇਹ ਦੁਨੀਆਂ ਹੈ ਬੇਵਫ਼ਾ ਕੁੜੀਏ ਰੱਖੀ ਪਹਿਚਾਨ ਆਪਣੇ ਤੇ ਗੈਰਾਂ ਦੀ।
ਪੱਤ ਬੜੀ ਹੈ ਕੀਮਤੀ ਮਾਪਿਆਂ ਦੀ ਧੂੜ ਬਣਾ ਨਾ ਦੇਵੀਂ ਲੋਕਾਂ ਦੇ ਪੈਰਾਂ ਦੀ।



ਆ ਗਈ ਤੇਰੇ ਤੇ ਜਵਾਨੀ,
ਹੋ ਗਈ ਤੋਰ ਮਸਤਾਨੀ।
ਜਾਂਦਾ ਝੱਲਿਆ ਨਹੀਂ ਤੇਰਾ ਹੁਣ ਦਿੱਖ ਕੁੜੀਏ,
ਪੈਰ ਸੰਭਲ ਸੰਭਲ ਕੇ ਰੱਖ ਕੁੜੀਏ।
ਜਿਹੜੇ ਮਾਪਿਆਂ ਦੀ ਪੱਤ ਧੀਆਂ ਰੌਲ ਦਿੰਦੀਆਂ
ਬੇਦੋਸ਼ਿਆਂ ਨੂੰ ਕੱਖਾਂ ਨਾਲ ਤੋਲ ਦਿੰਦੀਆਂ।
ਬਹਿ ਸਕਦੇ ਨਹੀਂ ਉਹ ਵਿੱਚ ਸੱਥ ਕੁੜੀਏ
ਪੈਰ ਸੰਭਲ ਸੰਭਲ ਕਿ ਰੱਖ ਕੁੜੀਏ।
ਇਥੇ ਬਹੁਤਾ ਮੁੱਲ ਪੈਂਦਾ ਏ ਨੀ ਨੀਵੇਂ ਨੈਣਾਂ ਦਾ,
ਹੁੰਦੀ ਸ਼ਰਮ ਹਯਾ ਗਹਿਣਾ ਧੀਆਂ ਦਾ।
ਇਹਨੂੰ ਕਰੀਂ ਨਾ ਨੀਂ ਆਪਣੇ ਤੋਂ ਵੱਖ ਕੁੜੀਏ
ਪੈਰ ਸੰਭਲ ਸੰਭਲ ਕੇ ਰੱਖ ਕੁੜੀਏ।
ਗੱਲ 'ਭੱਲੀ' ਦੀ ਨੀ ਐਵੇਂ ਜੇ ਤੂੰ ਭੁੱਲ ਜਾਏਂਗੀ,
ਇਥੇ ਰੁੱਲ ਗਈਆਂ ਲੱਖਾਂ ਤੂੰ ਵੀ ਰੁੱਲ ਜਾਏਂਗੀ।
ਮੁੱਲ ਤੇਰਾ ਨਹੀਓਂ ਪੈਣਾ ਫਿਰ ਕੱਖ ਕੁੜੀਏ।
ਪੈਰ ਸੰਭਲ ਸੰਭਲ ਕਿ ਰੱਖ ਕੁੜੀਏ।

98765-07235

◆◆◆

# ਯਾਦ ਆਉਂਦੀ ਏ

**ਸਰਬ ਸਿਦਕ**

ਲੰਘ ਗਏ ਕਈ ਸਾਲ ਵਿੱਚ ਪਰੇਦਸਾਂ
ਫਸ ਗਈ ਜਿੰਦ, ਕਿੰਨੇ ਦੁੱਖਾਂ ਕਲੇਸ਼ਾਂ।
ਖੌਰੇ ਕਦ ਛੁੱਟੇਗੀ, ਰੂਹ ਪਰਾਇਆਂ ਤੋਂ
ਮੁੱਦਤਾਂ ਹੋਈਆਂ ਪੈਰ ਘਰ ਪਾਇਆਂ ਤੋਂ.
ਅਕਸਰ ਸੁਫ਼ਨੇ ਵਿੱਚ ਮੈਨੂੰ ਲੋਕੋ!



ਮੇਰੇ ਘਰ ਦਾ ਚੁਬਾਰਾ ਦਿਸ ਪੈਂਦਾ ਏ
ਮੇਰਾ ਵਤਨ ਪਿਆਰਾ ਯਾਦ ਆਉਂਦਾ ਏ।

ਮਾਪਿਆਂ ਦਾ ਨਿਰਛਲ ਪਿਆਰ ਹੈ ਜਿੱਥੇ
ਗੁਰਬਾਣੀ ਦਾ ਇਲਾਹੀ ਪਰਚਾਰ ਹੈ ਜਿੱਥੇ।
ਮਹਾਂਪੁਰਸ਼ਾਂ ਦਾ ਕਰਮ ਸਥਾਨ ਹੈ ਜਿੱਥੇ।
ਮਾਂ ਬੋਲੀ ਪੰਜਾਬੀ ਦਾ ਮਾਣ ਹੈ ਜਿੱਥੇ।
ਫਿਰ ਤੋਂ ਅਖਾੜੇ ਨੇੜੇ ਬੈਠ ਦੇਖਾਂ
ਜਦ ਗੱਭਰੂ ਮੈਦਾਨੇ ਜੌਹਰ ਵਿਖਾਉਂਦਾ ਏ
ਮੇਰਾ ਵਤਨ ਪਿਆਰਾ ਯਾਦ ਆਉਂਦਾ ਏ।

ਯਾਰਾਂ ਦੀ ਸਾਂਝ ਕਦੇ ਨਾ ਭੁੱਲਦੀ
ਥੱਕਿਆਂ ਟੁੱਟਿਆਂ ਦੀ ਅੱਖ ਨਾ ਖੁੱਲ੍ਹਦੀ।
ਠੰਡੀ ਮਿੱਠੀ ਪੌਣ ਖੇਤਾਂ ਵਿੱਚ ਚੱਲੇ
ਪਹਿਲੀ ਮਸ਼ੂਕ ਕਦੇ ਵੀ ਨਾ ਭੁੱਲਦੀ।
ਜਦ ਕਰਾਂ ਮਹਿਸੂਸ ਇਕਾਂਤ
ਅਤੀਤ ਹਮ ਸਫ਼ਰ ਬਣ ਸੀਨੇ  ਲਾਉਂਦਾ ਏ।
ਮੇਰਾ ਵਤਨ ਪਿਆਰਾ ਯਾਦ ਆਉਂਦਾ ਏ।

ਵਾਰਡ ਨੰ. 7, ਬੇਗੋਵਾਲ (ਕਪੂਰਥਲਾ)
ਮੋ. 82830-85988

◆◆◆

# 'ਬਾਲ ਗੀਤ'

***ਰਜਿੰਦਰ ਵਰਮਾ***

ਹਰ ਵਿਹੜੇ ਵਿੱਚ ਹੋਵੇ, ਇੱਕ ਰੁੱਖ ਹਾਣੀਆ-
ਸੌ-ਸੌ ਪਾਉਣਾ ਫੇਰ ਅਸੀਂ ਸੁੱਖ ਹਾਣੀਆ।
ਨਿੰਮਾਂ ਦੀਆਂ ਮਾਣੀਆਂ ਠੰਡੀਆਂ ਛਾਵਾਂ ਅਸੀਂ
ਉਨ੍ਹਾਂ ਛਾਵਾਂ ਨੂੰ ਜਾਣੀਏ ਸਕੀਆਂ ਮਾਵਾਂ ਅਸੀਂ
ਖੇਡ-ਖੇਡ ਥੱਕੀਏ ਨਾ ਡੰਡਾ ਡੁੱਕ ਹਾਣੀਆ
ਹਰ ਵਿਹੜੇ ਵਿੱਚ.....
ਪੁੱਤਾਂ ਵਾਂਗ ਪਾਲੀਏ  ਟਾਹਲੀਆਂ ਤੇ ਕਿੱਕਰਾਂ,
ਪਾਣੀ ਦੀ ਲਿਆ ਬਾਲਟੀ ਤੂੰ ਬਿੱਕਰਾ

ਹੋ ਜਾਈਏ ਇਨ੍ਹਾਂ ਨਾਲ ਇਕ-ਮਿੱਕ ਹਾਣੀਆ
ਹਰ ਵਿਹੜੇ....
ਜੜ੍ਹੀ ਬੂਟੀਆਂ ਤੋਂ ਮਿਲਣਗੀਆਂ ਦੁਵਾਈਆਂ ਜਦੋਂ
ਵੈਦ ਜੀ ਨੇ ਗੱਲਾਂ ਸਾਨੂੰ ਸਮਝਾਈਆਂ ਉਦੋਂ
ਖਾਦ ਪਾਈਏ ਭਰ-ਭਰ ਬੁੱਕ ਹਾਣੀਆਂ ਹਰ ਵਿਹੜੇ
ਰੱਖ ਤੇ ਮਨੁੱਖ ਦੀ ਸਾਂਝ ਅਨੋਖੀ ਏ,
ਰੁੱਖ ਨੇ ਪੀੜ ਝੱਲੀ ਬੜੀ ਔਖੀ ਏ,
ਰੱਖ ਬਾਝੋਂ ਮਨੁੱਖ ਰੋਵੇ, ਲੁਕ-ਲੁਕ ਹਾਣੀਆ-
ਹਰ ਵਿਹੜੇ......

**ਮੋ. 99142-21910**

◆◆◆

# ਹਜ਼ਲ

**ਸਰਦਾਰ ਪੰਛੀ**

ਇਕ ਦਿਨ ਏਨੀ ਪੀਤੀ, ਤੋਬਾ।
ਦੂਜੇ ਦਿਨ ਕਰ ਲੀਤੀ ਤੋਬਾ।
ਤੀਜੇ ਦਿਨ ਹਾਤੇ ਵਿੱਚ ਜਾ ਕੇ,
ਕਰ 'ਤੀ ਫੀਤੀ ਫੀਤੀ ਤੋਬਾ।
ਚੌਥੇ ਦਿਨ ਕੁਝ ਟਾਂਕੇ ਲਾ
ਪਾਟੀ ਹੋਈ ਸੀਤੀ ਤੋਬਾ।
ਪੰਜਵੇਂ ਦਿਨ ਤਾਂ ਜੇਬ ਸੀ ਖ਼ਾਲੀ,
ਦਾਰੂ ਦੀ ਥਾਂ ਪੀਤੀ ਤੋਬਾ।
ਛੇਵੇਂ ਦਿਨ ਇਕ ਯਾਰ ਮਿਲ ਗਿਆ,
ਭੱਜ ਗਈ ਚੁੱਪ ਚੁਪੀਤੀ ਤੋਬਾ।
ਸਤਵੇਂ ਦਿਨ ਕੋਈ ਯਾਰ ਨਾ ਮਿਲਿਆ
ਆਪਾਂ ਨੇ ਫਿਰ ਕੀਤੀ ਤੋਬਾ।
ਫੁੱਲ ਗੁਬਾਰੇ ਵਰਗੀ ਤੋਬਾ, ਕਦੇ ਕਦੇ ਹੋ ਫੁੱਸ ਜਾਂਦੀ ਹੈ।
ਇਕ ਦਿਨ ਅਸੀਂ ਮਨਾ ਲੈਂਦੇ ਹਾ, ਦੂਜੇ ਦਿਨ ਇਹ ਰੁੱਸ ਜਾਂਦੀ ਹੈ।

**ਜੇਠੀ ਨਗਰ-ਮਾਲੇਰਕੋਟਲਾ ਰੋਡ ਖੰਨਾ 141401, ਪੰਜਾਬੀ**
**94170-91668**



# ਸਮੀਖਿਆ

## ਗ੍ਰਹਿਸਤ ਦਾ ਗੱਡਾ

ਲੇਖਕ : ਸਤਵਿੰਦਰ ਬੇਗੋਵਾਲੀਆ
ਪ੍ਰਕਾਸ਼ਕ : ਸੁੰਦਰ ਬੁੱਕ ਡਿਪੂ, ਜਲੰਧਰ
ਮੁੱਲ: 125 ਰੁਪਏ, ਸਫ਼ੇ : 96
ਸੰਪਰਕ : 98154-65620

'ਗ੍ਰਹਿਸਤ ਦਾ ਗੱਡਾ' ਨਾਟ-ਸੰਗ੍ਰਹਿ ਵਿੱਚ ਸਤਵਿੰਦਰ ਬੇਗੋਵਾਲੀਆ ਨੇ ਚਾਰ ਨਾਟਕ ਸ਼ਾਮਿਲ ਕੀਤੇ ਹਨ। ਪਹਿਲਾ ਨਾਟਕ 'ਚੜ੍ਹ ਜਾ ਜਹਾਜ਼ 'ਤੇ' ਵਿਦੇਸ਼ਾਂ ਵੱਲ ਮੂੰਹ ਕਰੀ ਖੜ੍ਹੇ ਨੌਜਵਾਨ ਵਰਗ ਅਤੇ ਬਾਕੀ ਸਮਾਜ ਦੀ ਦਸ਼ਾ ਹੈ। ਇਸ ਨਾਟਕ ਦਾ ਨਾਇਕ ਸਾਹਬੀ ਅਗਾਂਹਵਧੂ ਅਤੇ ਸਾਹਿਤਕ ਵਿਚਾਰਾਂ ਵਾਲਾ ਹੈ, ਜੋ ਆਪਣੇ ਸੱਭਿਆਚਾਰਕ ਜਨ-ਜੀਵਨ ਦੀ ਕਦਰ ਕਰਦਾ ਹੈ। ਮਾਂ-ਬਾਪ ਦੇ ਕਹਿਣ 'ਤੇ ਵੀ ਉਹ ਹੋਰ ਮੁਲਕ ਨਹੀਂ ਜਾਣਾ ਚਾਹੁੰਦਾ ਪਰ ਹਾਲਾਤ ਤੋਂ ਮਜਬੂਰ ਵਿਦੇਸ਼ ਜਾਣ ਲਈ ਮਜਬੂਰ ਹੁੰਦਾ ਹੈ।

ਨਾਟਕਕਾਰ ਨੇ ਇਸ ਨਾਟਕ ਰਾਹੀਂ ਸਮਾਜ ਦੀਆਂ ਹੋਰ ਸਬੰਧਤ ਅਲਾਮਤਾਂ ਬੇਰੁਜਗਾਰੀ, ਭ੍ਰਿਸਟਾਚਾਰ ਅਤੇ ਰਿਸਵਤਖੋਰੀ ਨੂੰ ਵੀ ਨਾਲ ਦੀ ਨਾਲ ਪੇਸ ਕੀਤਾ ਹੈ। ਦੂਸਰਾ ਨਾਟਕ 'ਮੈਂ ਮਹਾਂਪੁਰਸ ਨਹੀਂ ਹਾਂ' ਰਾਹੀਂ ਲੇਖਕ ਨੇ ਸਿੱਧ ਕੀਤਾ ਹੈ ਕਿ ਬੰਦਾ ਗਿਆਨ ਨਾਲ ਸੰਤ ਬਣਦਾ, ਭੇਖ ਨਾਲ ਨਹੀਂ, ਜਿਸ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨ ਲਈ ਚਰਨ ਸਿੰਘ ਅਤੇ ਭਾਨ ਸਿੰਘ ਵਰਗੇ ਕਿਰਦਾਰ ਰਾਹੀਂ ਨਾਟਕ ਦੀ ਕਹਾਣੀ ਨੂੰ ਤੋਰਿਆ ਗਿਆ ਹੈ। 'ਗ੍ਰਹਿਸਤ ਦਾ ਗੱਡਾ' ਨਾਟਕ ਵਿਚ ਸਾਧਾਰਨ ਪਰਿਵਾਰ ਦੀ ਕਹਾਣੀ ਹੈ, ਜੋ ਗਰੀਬੀ ਦੀ ਮਾਰ ਹੇਠ ਹੈ। ਬੱਗਾ ਸਿੰਘ ਦਾ ਪਰਿਵਾਰ ਆਰਥਿਕਤਾ ਨਾਲ ਦੋ ਹੱਥ ਕਰਕੇ ਵੀ ਨਿਭਾਅ ਰਿਹਾ ਹੈ। ਜ਼ਿੰਦਗੀ ਦੇ ਪੈਂਡੇ ਨੂੰ। ਪੁੱਤਰ ਦੇ ਸ਼ੌਂਕ ਨੂੰ ਪੂਰਾ ਕਰਨਾ, ਬੁੱਢੇ ਬਾਪ ਦੀ ਬਿਮਾਰੀ ਦਾ ਇਲਾਜ, ਰਿਸ਼ਤੇਦਾਰੀਆਂ ਨਾਲ ਵਰਤ-ਵਰਤਾ ਤੇ ਹੋਰ ਕਬੀਲਦਾਰੀ ਦੇ ਝੰਜਟ ਵਿੱਚ ਸਭ ਗ੍ਰਹਿਸਤ ਦੇ ਗੱਡੇ 'ਤੇ ਲੱਦੇ ਹਨ, ਜਿਸ ਦਾ ਬਲਦ ਬੱਗਾ ਸਿੰਘ ਹੈ।

ਪੁਸਤਕ ਦਾ ਆਖਰੀ ਨਾਟਕ 'ਸਿਆਸਤ ਇਕ ਸਕੂਲ ਦੀ' ਵਿੱਦਿਆ ਦੇ ਮੰਦਿਰਾਂ ਵਿਚ ਹੁੰਦੀ ਸਿਆਸਤ ਦਾ ਪਰਦਾਫਾਸ਼ ਕਰਦਾ ਹੈ। ਵਾਈਸ ਪ੍ਰਿੰਸੀਪਲ ਕੇਵਲ ਸਿੰਘ ਅਸੂਲਾਂ 'ਤੇ ਚੱਲਣ ਵਾਲਾ ਨੇਕ ਅਧਿਆਪਕ ਹੈ, ਅਧਿਆਪਕ ਦੇ ਫਰਜ਼ਾਂ ਦੀ ਅਹਿਮੀਅਤ ਨੂੰ ਸਮਝਣਾ ਤੇ ਪਾਲਣਾ ਹੀ ਜ਼ਿੰਦਗੀ ਦਾ ਆਦਰਸ਼ ਸਮਝਦਾ ਹੈ, ਜਦੋਂ ਕਿ ਖਲਨਾਇਕ ਵਜੋਂ ਪੇਸ਼ ਮਾਸਟਰ ਬਖਤੌਰ ਸਿੰਘ ਸਿੱਖਿਆ ਦੇ ਨਾਂਅ ਧੱਬਾ ਮਹਿਸੂਸ ਹੁੰਦਾ ਹੈ, ਜਿਸ ਲਈ ਸਕੂਲ ਸਿਰਫ਼ ਸਿਆਸਤ ਦਾ ਅਖਾੜਾ ਹੈ।

ਪੁਸਤਕ ਦੇ ਚਾਰੇ ਨਾਟਕ ਸਮਾਜ ਦੀਆਂ ਅਹਿਮ ਘਟਨਾਵਾਂ 'ਤੇ ਅਧਾਰਿਤ ਹਨ ਅਤੇ ਆਦਰਸ਼ਵਾਦ ਦਾ ਹੋਕਾ ਦਿੰਦੇ ਹਨ। ਰੰਗਮੰਚ ਵਿਧੀਆਂ ਤੋਂ ਨਾਟਕ ਸਫ਼ਲ ਹਨ।

**-ਡਾ ਨਿਰਮਲ ਜੌੜਾ**
**ਮੋ. 98140-78799**